Postal No. - Jallandhar Vide No. L-4/PB/0196/Lobana Sewak/0196/2022-2023

Regd No. 32212/78

# ਲੁਬਾਣਾ ਸੇਵਕ

ਦਸੰਬਰ 2022 ਮਾਸਿਕ ਮੁੱਲ : 25/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

**ਸੰਪਾਦਕੀ ...**

# ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਪ੍ਰਣਾਮ !



ਸ਼੍ਰੀ ਅਨੰਦਪੁਰ ਸਾਹਿਬ ਦੀ ਲੜਾਈ ਸਮੇਂ ਮੁਸਲਮਾਨਾਂ ਅਤੇ ਪਹਾੜੀ ਰਾਜਿਆਂ ਵੱਲੋਂ ਝੂਠੀਆਂ ਕਸਮਾਂ ਖਾ ਕੇ ਗੁਰੂ ਸਾਹਿਬ ਤੋਂ ਕਿਲ੍ਹਾ ਖਾਲ੍ਹੀ ਕਰਵਾਇਆ ਗਿਆ ਕਿ ਉਹ ਹਮਲਾ ਨਹੀਂ ਕਰਨਗੇ। ਗੁਰੂ ਸਾਹਿਬ ਨੂੰ ਉਨ੍ਹਾਂ 'ਤੇ ਭਰੋਸਾ ਨਹੀਂ ਸੀ ਪਰ ਮਾਤਾ ਗੁਜਰੀ ਜੀ ਅਤੇ ਕੁਝ ਸਿੰਘਾਂ ਦੇ ਕਹਿਣ 'ਤੇ ਗੁਰੂ ਜੀ ਨੇ ਕਿਲ੍ਹਾ ਛੱਡ ਦਿੱਤਾ। ਹਾਲੇ ਗੁਰੂ ਜੀ ਦਾ ਵਹੀਰ ਸਰਸਾ ਨਦੀ ਕੰਢੇ ਹੀ ਪਹੁੰਚਿਆ ਸੀ ਕਿ ਪਹਾੜੀਆਂ ਰਾਜਿਆਂ ਅਤੇ ਮੁਗਲਾਂ ਨੇ ਪਿੱਛੋਂ ਦੀ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਸਰਸਾ ਨਦੀ ਵਿਚ ਉਸ ਵੇਲੇ ਹੜ੍ਹ ਆਇਆ ਹੋਇਆ ਸੀ। ਬਹੁਤ ਕੀਮਤੀ ਇਤਿਹਾਸ ਸਰਸਾ ਨਦੀ ਵਿਚ ਰੁੜ੍ਹ ਗਿਆ। ਇਸੇ ਸਥਾਨ 'ਤੇ ਗੁਰੂ ਜੀ ਦਾ ਪਰਿਵਾਰ ਵੀ ਆਪਸ ਵਿਚ ਵਿਛੜ ਗਿਆ। ਗੁਰੂ ਸਾਹਿਬ ਅਤੇ ਵੱਡੇ ਸਾਹਿਬਜ਼ਾਦੇ ਕੁੱਝ ਸਿੰਘਾਂ ਨਾਲ ਚਮਕੌਰ ਸਾਹਿਬ ਵੱਲ ਨੂੰ ਚਲੇ ਗਏ। ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਜੰਗਲ ਦੇ ਰਸਤੇ ਗੰਗੂ ਪਿੰਡ ਸਹੇੜੀ ਆਪਣੇ ਘਰ ਲੈ ਗਿਆ। ਮਾਤਾ ਜੀ ਕੋਲ ਕੁਝ ਗਹਿਣੇ ਅਤੇ ਪੈਸੇ ਦੇਖ ਕੇ ਗੰਗੂ ਦੇ ਮਨ ਵਿਚ ਲਾਲਚ ਆ ਗਿਆ ਅਤੇ ਉਹ ਇਨ੍ਹਾਂ ਵਸਤਾਂ ਨੂੰ ਹਾਸਲ ਕਰਨ ਲਈ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਕਾਰਨ ਬਣਿਆ। ਗੰਗੂ ਨੇ ਮੋਰਿੰਡੇ ਇਤਲਾਹ ਦਿੱਤੀ ਅਤੇ ਉਸ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਨੂੰ ਵਜ਼ੀਰ ਖ਼ਾਨ ਦੇ ਬੰਦੀ ਬਣਾ ਦਿੱਤਾ। ਸਾਹਿਬਜ਼ਾਦਿਆਂ ਨੂੰ ਅਤੇ ਮਾਤਾ ਗੁਜਰੀ ਜੀ ਨੂੰ ਠੰਡੇ ਬੁਰਜ ਵਿਚ ਰੱਖਿਆ ਗਿਆ। ਪੋਹ ਦੀ ਠੰਡੀ ਹਵਾ ਕਲੇਜਿਆਂ ਨੂੰ ਚੀਰ ਕੇ ਲੰਘ ਰਹੀ ਸੀ, ਪਰ ਸਿਦਕ ਦੇ ਪੱਕੇ ਤੇ ਸ਼ਹੀਦ ਦਾਦੇ ਦੇ ਪੋਤੇ ਆਪਣੀ ਦਾਦੀ ਮਾਂ ਦੀ ਨਿੱਘੀ ਬੁੱਕਲ ਦਾ ਅਨੰਦ ਮਾਣ ਰਹੇ ਸਨ। ਉਹ ਭੁੱਖਣ-ਭਾਣੇ ਠੰਡੇ ਬੁਰਜ ਵਿਚ ਬੈਠੇ ਦਾਦੀ ਮਾਂ ਦੀਆਂ ਬਾਤਾਂ ਸੁਣ ਰਹੇ ਸਨ। ਦਾਦੀ ਮਾਂ ਸਮਝਾ ਰਹੀ ਸੀ ਕਿ ਬੱਚਿਓ ! ਦਾਦਾ ਜੀ ਦੀ ਚਿੱਟੀ ਪੱਗ ਨੂੰ ਦਾਗ ਨਾ ਲੱਗਣ ਦਿਓ। ਦਾਦੀ ਮਾਂ ਦੀਆਂ ਗੱਲਾਂ ਸੁਣ ਕੇ ਸਾਹਿਬਜ਼ਾਦਿਆਂ ਨੇ ਕਿਹਾ ਸੀ, ਸਿਰ ਦੇ ਕੇ ਸਿਦਕ ਬਚਾਵਾਂਗੇ ! ਠੰਡੇ ਬੁਰਜ ਵਿੱਚੋਂ ਸਾਹਿਬਜ਼ਾਦਿਆਂ ਨੂੰ ਸਿਪਾਹੀਆਂ ਨੇ ਵਜ਼ੀਰ ਖ਼ਾਨ ਦੀ ਕਚਹਿਰੀ ਵਿਚ ਪੇਸ਼ ਕੀਤਾ। ਸਾਹਿਬਜ਼ਾਦਿਆਂ ਨੇ ਕਚਿਹਰੀ ਵਿਚ ਖੜ੍ਹੇ ਹੋ ਕੇ, ਗੱਜ ਕੇ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ" ਬੁਲਾਈ। ਇਹ ਦੇਖ ਕੇ ਸੂਬਾ ਸਰਹੰਦ ਕੰਬ ਉੱਠਿਆ। ਸੂਬੇ ਨੇ ਸਾਹਿਬਜ਼ਾਦਿਆਂ ਨੂੰ ਧਰਮ ਤੋਂ ਡੁਲਾਉਣ ਲਈ ਤਰ੍ਹਾਂ-ਤਰ੍ਹਾਂ ਦੇ ਲਾਲਚ ਦਿੱਤੇ, ਤਾਂ ਕਿ ਉਹ ਸਿੱਖ ਧਰਮ ਨੂੰ ਛੱਡ ਕੇ ਇਸਲਾਮ ਕਬੂਲ ਕਰ ਲੈਣ। ਪਰ ਸਾਹਿਬਜ਼ਾਦੇ ਸਿਦਕ ਤੋਂ ਨਾ ਡੋਲੇ।

ਭੁੱਖਣ ਭਾਣੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਗੁਰੂ-ਘਰ ਦੇ ਪ੍ਰੇਮੀ ਭਾਈ ਮੋਤੀ ਰਾਮ ਮਹਿਰਾ ਜੋ ਕਿ ਵਜ਼ੀਰ ਖ਼ਾਨ ਦੇ ਲੰਗਰ ਵਿਚ ਨੌਕਰੀ ਕਰਦਾ ਸੀ, ਘਰੋਂ ਦੁੱਧ ਦੀ ਗੜਵੀ ਲੈ ਕੇ ਬੁਰਜ ਵਿਚ ਪਹੁੰਚਿਆ, ਰਸਤੇ ਵਿਚ ਪਹਿਰੇਦਾਰ ਦੇ ਰੋਕਣ 'ਤੇ ਉਸ ਨੂੰ ਕੁਝ ਮੋਹਰਾਂ ਵੀ ਦੇਣੀਆਂ ਪਈਆਂ। ਮਾਤਾ ਗੁਜਰੀ ਜੀ ਨੇ ਗਰਮ-ਗਰਮ ਦੁੱਧ ਪੋਤਿਆਂ ਨੂੰ ਛਕਾਇਆ ਅਤੇ ਭਾਈ ਮੋਤੀ ਰਾਮ ਮਹਿਰਾ ਨੂੰ ਅਸ਼ੀਰਵਾਦ ਦਿੱਤਾ। ਅਗਲੇ ਦਿਨ ਸਾਹਿਬਜ਼ਾਦਿਆਂ ਨੂੰ ਵਜ਼ੀਰ ਖ਼ਾਨ ਦੀ ਕਚਿਹਰੀ ਵਿਚ ਬੁਲਾਇਆ ਗਿਆ ਅਤੇ ਉਨ੍ਹਾਂ ਨੇ ਕਚਹਿਰੀ ਵਿਚ ਜਾ ਕੇ ਗੱਜ ਕੇ ਫ਼ਤਿਹ ਬੁਲਾਈ। ਵਜ਼ੀਰ ਖ਼ਾਨ ਨੇ ਇਸਲਾਮ ਕਬੂਲਣ ਦੀ ਪੇਸ਼ਕਾਰੀ ਕੀਤੀ, ਪਰ ਸਾਹਿਬਜ਼ਾਦਿਆਂ ਨੇ ਇਸ ਪੇਸ਼ਕਾਰੀ ਨੂੰ ਠੁਕਰਾ ਦਿੱਤਾ। ਵਜ਼ੀਰ ਖ਼ਾਨ ਨੇ ਬੱਚਿਆਂ ਤੋਂ ਪੁੱਛਿਆ ਕਿ ਜੇਕਰ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ? ਬੱਚਿਆਂ ਨੇ ਜਵਾਬ ਦਿੱਤਾ ਅਸੀਂ ਆਪਣੇ ਗੁਰੂ ਪਿਤਾ ਜੀ ਵਾਂਗ ਸਿੰਘਾਂ ਦੀ ਇੱਕ ਫ਼ੌਜ ਤਿਆਰ ਕਰਕੇ ਤੇਰੇ ਵਰਗੇ ਗਿੱਦੜਾਂ ਨਾਲ ਲੜਾਂਗੇ। ਇਹ ਗੱਲ ਸੁਣ ਕੇ ਸੂਬੇ ਨੇ ਕਾਜ਼ੀ ਕੋਲੋਂ ਫ਼ਤਵਾ ਲਵਾਇਆ। ਕਾਜ਼ੀ ਨੇ ਸ਼ਰ੍ਹਾ ਦੀ ਕਿਤਾਬ ਫੋਲਦਿਆਂ ਕਿਹਾ ਕਿ ਇਨ੍ਹਾਂ ਬਾਗੀ ਦੇ ਪੁੱਤਰਾਂ ਨੂੰ ਜਿਊਂਦਿਆਂ ਹੀ ਨੀਹਾਂ ਵਿਚ ਚਿਣ ਦੇਣਾ ਚਾਹੀਦਾ ਹੈ। ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨਾਮੀ ਦੋ ਜੱਲਾਦ ਭਰਾਵਾਂ ਨੇ ਸਾਹਿਬਜ਼ਾਦਿਆਂ ਨੂੰ ਜਿਉਂਦਿਆਂ ਹੀ ਨੀਹਾਂ ਵਿਚ ਚਿਣਨਾ ਸ਼ੁਰੂ ਕਰ ਦਿੱਤਾ, ਜਦੋਂ ਕੰਧ ਛਾਤੀ ਤੱਕ ਪਹੁੰਚੀ ਤੇ ਇੱਟਾਂ ਦਾ ਢਾਂਚਾ ਥੱਲੇ ਡਿੱਗ ਪਿਆ ਜਿਸ ਨੂੰ ਦੇਖ ਕੇ ਜਲਾਦਾਂ ਨੇ ਸਾਹਿਬਜ਼ਾਦਿਆਂ ਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ। ਇਹ ਖ਼ਬਰ ਸੁਣ ਕੇ ਮਾਤਾ ਗੁਜਰੀ ਜੀ ਵੀ ਆਪਣਾ ਸਰੀਰ ਤਿਆਗ ਗਏ। ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦਾ ਸਸਕਾਰ ਕਰਨ ਲਈ ਭਾਈ ਟੋਡਰ ਮੱਲ ਨੇ ਮੋਹਰਾਂ ਵਿਛਾ ਕੇ ਜ਼ਮੀਨ ਖ਼ਰੀਦੀ। ਅੱਜ ਲੋੜ ਹੈ ਸਾਨੂੰ ਸਾਰਿਆਂ ਨੂੰ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਕੇ ਅਤੇ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਜੀਵਨ ਸਫਲਾ ਕਰਨ ਦੀ।

**ਹਰਭਜਨ ਸਿੰਘ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ

**Chief Editor**
**Er. Harbhajan Singh**
**Dy. C.E. (Retd.) President**
**M.: 98140-62091**

**Addl. Chief Editor**
**Er. Parminderjit Singh**
**M.: 99153-57524**

**Editor**
**Er. Bhagwan Singh Lubana**
**Dy C.E. (Retd.)**
**E-mail:bslubana187@gmail.com**
**M.: 98155-40240**

**Co-Editor**
**S. Surinder Singh Ruby ETO (Retd.)**
**M.: 98141-28181**

## Advisors

1. S. Naginderjit Singh (Legal Advisor)
   Session Judge (Retd.),
   M.: 98159-02643
2. S. Narinder Singh, PES (Retd.)
   M.: 98555-34236
3. S. Mohinder Singh, DSP (Retd.)
   M.: 98144-74535
4. Dr. Preet Mohinder Pal Singh
   M.: 98148-98289

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
**e-mail:lobanafoundation@gmail.com**
**Websitelink : bmslchd.org, lobanafoundation.org**
**FOR ONLINE DEPOSITS OF FUNDS BANK ACCOUNT DETAIL IS AS UNDER:-**
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 &
President - 98140-62091

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਦਸੰਬਰ ਮਹੀਨੇ ਦੀ ਮੱਸਿਆ, ਸੰਗਰਾਂਦ**
**ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**
**ਪੂਰਨਮਾਸ਼ੀ - 08-12-2022 (ਵੀਰਵਾਰ)**
**ਸੰਗਰਾਂਦ - 16-12-2022 (ਸ਼ੁੱਕਰਵਾਰ)**
**ਮੱਸਿਆ - 23-12-2022 (ਸ਼ੁੱਕਰਵਾਰ)**


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 114 | ਦਸੰਬਰ - 2022



| | | |
|---|---|---|
| 1. | ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ | 4 |
| 2. | ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ | 7 |
| 3. | ਭਾਈ ਲੱਖੀ ਸ਼ਾਹ ਵਣਜਾਰਾ | 9 |
| 4. | ਗੁਰ ਸਾਗਰ ਦੇ ਸੁੱਚੇ ਮੋਤੀ | 10 |
| 5. | ਬਹੁਮੁੱਲੇ ਹੀਰੇ ਭਾਈ ਮੱਖਣ ਸ਼ਾਹ ਬਾਰੇ | 11 |
| 6. | ਮਾਤਾ ਗੁਜਰੀ ਜੀ | 12 |
| 7. | ਨਵੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 13 |
| 8. | ਜੀਵਨ ਵਿਕਾਸ – ਇਕ ਸੰਘਰਸ਼ | 15 |
| 9. | ਅਰਦਾਸ ਕੀ ਹੈ? | 16 |
| 10. | ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੀ | 18 |
| 11. | ਆਓ ਜਾਣੀਏ! | 19 |
| 12. | ਅਜੇ ਵੀ ਜੀਊਣਾਂ ਆ ਜਾਵੇ | 22 |
| 13. | ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ | 25 |
| 14. | 'ਲੁਬਾਣਾ ਸੇਵਕ' ਮੈਗਜ਼ੀਨ ਦੇ ਸੁਹਿਰਦ ਪਾਠਕਾਂ ਨੂੰ ਅਪੀਲ | 26 |
| 15. | ਕਹਾਣੀ/ਹੋਇਆ ਜੀਊੜਾ ਉਦਾਸ | 27 |
| 16. | ਸ਼ੋਕ ਸਮਾਚਾਰ | 31 |
| 17. | ਸ਼ੋਕ ਸਮਾਚਾਰ | 32 |
| 18. | ਸਿਹਤ ਸੰਭਾਲ | 33 |
| 19. | ਜੇਠੂ ਦਾ ਕੋਠਾ | 34 |
| 20. | ਕਾਵਿ–ਕਿਆਰੀ | 35 |
| 21. | ਸ਼ਬਦਾਂ ਦੇ ਸੰਜੋਗ | 36 |
| 22. | छोटे साहिबजादे : जिन्हें मुगलों ने दीवार में जिंदा ..... | 38 |
| 23. | Matrimonial | 41 |
| 24. | ਦਾਨੀ ਸੱਜਣਾਂ ਦੀ ਸੂਚੀ | 42 |




**'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।**



**Printed & Published by**
**Harbhajan Singh for Baba Makhan Shah Lobana Foundation (Regd.)**
**Sector 30-A, Chandigarh.**

**Computer Designing - WP&S, M.: 98153-78692**

# ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ




ਉਹ ਕਹਿਰ ਦੀ ਰਾਤ ਸੀ, ਜਦ ਸਿੱਖਾਂ ਨੇ ਸਰਸਾ ਨਦੀ ਪਾਰ ਕੀਤੀ। ਗੁਰੂ ਸਾਹਿਬ ਦਾ ਸਾਰਾ ਪਰਵਾਰ ਖੇਰੂੰ-ਖੇਰੂੰ ਹੋ ਗਿਆ। ਮਹਾਰਾਜ ਦੇ ਦੋਵੇਂ ਮਹਿਲ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਨੂੰ ਚਲੇ ਗਏ। ਮਾਤਾ ਗੁਜਰੀ ਜੀ ਤੇ ਦੋਵੇਂ ਛੋਟੇ ਸਾਹਿਬਜ਼ਾਦੇ ਬਾਕੀ ਸਾਰੇ ਸਾਥ ਨਾਲੋਂ ਵਿਛੜ ਗਏ। ਉਹਨਾਂ ਨਾਲ ਇਕੋ ਗੰਗਾ ਰਾਮ ਬ੍ਰਾਹਮਣ ਰਹਿ ਗਿਆ ਸੀ। ਸਿੱਖ ਘਿਰਣਾ ਨਾਲ ਉਹਨੂੰ 'ਗੰਗੂ' ਕਹਿ ਕੇ ਬੁਲਾਉਂਦੇ ਹਨ।

ਮਾਤਾ ਜੀ ਮਾੜੇ ਜੇਹੇ ਘੋੜੇ 'ਤੇ ਅਸਵਾਰ ਸਨ। ਛੋਟਾ ਪੋਤਰਾ ਉਹਨਾਂ ਦੇ ਅੱਗੇ ਤੇ ਵੱਡਾ ਪਿੱਛੇ ਬੈਠਾ ਸੀ। ਸਾਥ ਤੋਂ ਵਿਛੜ ਕੇ ਉਹ ਬੜੇ ਉਦਾਸ ਸਨ। ਮਾਤਾ ਜੀ ਦੇ ਪਾਸ ਮੋਹਰਾਂ ਦੀ ਭਰੀ ਖੁਰਜੀ ਵੇਖ ਕੇ ਗੰਗੂ ਦਾ ਦਿਲ ਲਲਚਾ ਗਿਆ। ਉਹ ਮਾਤਾ ਜੀ ਨੂੰ ਆਪਣੇ ਘਰ, ਪਿੰਡ 'ਖੇੜੀ' ਲੈ ਗਿਆ। ਉਸ ਸਮੇਂ ਤਕ ਸੱਤ ਪੋਹ ਦਾ ਸੂਰਜ ਛਿਪ ਚੁੱਕਾ ਸੀ। ਗੰਗੂ ਨੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਭੋਜਨ ਛਕਾਇਆ ਤੇ ਘਰ ਦੇ ਪਿਛਲੇ ਕਮਰੇ ਵਿਚ ਆਰਾਮ ਕਰਨ ਵਾਸਤੇ ਥਾਂ ਦਿੱਤੀ। ਗ਼ਮਾਂ ਦੇ ਮਾਰਿਆਂ ਨੂੰ ਨੀਂਦ ਕਿੱਥੇ! ਢਲੀ ਰਾਤ ਪਲ ਕੁ ਮਾਤਾ ਜੀ ਦੀ ਅੱਖ ਲੱਗ ਗਈ। ਏਨੇ ਸਮੇਂ ਤੋਂ ਲਾਭ ਉਠਾ ਕੇ ਗੰਗੂ ਨੇ ਮਾਤਾ ਜੀ ਦੇ ਸਰ੍ਹਾਣਿਓਂ ਮੋਹਰਾਂ ਵਾਲੀ ਖੁਰਜੀ ਚੁੱਕ ਲਈ। ਦਿਨ ਚੜ੍ਹੇ ਮੰਜੇ ਹੇਠਾਂ ਖੁਰਜੀ ਨਾ ਪਈ ਵੇਖ ਕੇ ਮਾਤਾ ਜੀ ਨੇ ਬੜੀ ਨਰਮ ਬੋਲੀ ਵਿਚ ਪੁੱਛਿਆ, "ਬੇਟਾ ਗੰਗਾ ਰਾਮ! ਸਗੋਂ ਖੁਰਜੀ ਚੁੱਕ ਕੇ ਕਿਸੇ ਹੋਰ ਥਾਂ ਸੰਭਾਲ ਦਿੱਤੀ ਊ?"

ਏਨੀ ਸਾਧਾਰਨ ਪੁੱਛ ਉਤੇ ਹੀ ਗੰਗੂ ਭੜਕ ਉਠਿਆ। ਉਹਨੇ ਕ੍ਰੋਧ ਨਾਲ ਅੱਖਾਂ ਲਾਲ ਕਰਕੇ ਕਿਹੈ, "ਵਾਹ ਮਾਤਾ ਜੀ! ਚੰਗਾ ਦਿੱਤਾ ਜੇ ਨੇਕੀ ਦਾ ਫਲ! ਮੈਂ ਸਰਕਾਰ ਦੇ ਬਾਗੀਆਂ ਨੂੰ ਘਰ ਆਸਰਾ ਦਿੱਤਾ, ਤੇ ਉਲਟਾ ਮੈਨੂੰ ਚੋਰ ਕਹਿੰਦੇ ਹੋ? ਪਿੰਡ ਦੇ ਚੌਧਰੀ ਨੂੰ ਪਤਾ ਲੱਗ ਜਾਏ, ਤਾਂ ਮੈਂ ਕਿਤੇ ਭਾਲਿਆ ਨਾ ਲੱਭਾਂ। ਮੈਂ ਜਾਨ ਦਾ ਖ਼ਤਰਾ ਸਹੇੜ ਕੇ ਤੁਹਾਡੀ ਰੱਖਿਆ ਕੀਤੀ, ਤੇ ਤੁਸਾਂ ਮੈਨੂੰ ਹੀ ਚੋਰ ਬਣਾਇਆ। ਏਸ ਨਾਲੋਂ ਤਾਂ ਚੰਗਾ ਹੈ, ਕਿ ਮੈਂ ਸਾਰੀ ਗੱਲ ਚੌਧਰੀ ਨੂੰ ਜਾ ਦੱਸਾਂ।"

ਸੰਪਾਦਕ
ਭਗਵਾਨ ਸਿੰਘ
ਲੁਬਾਣਾ
98155-40240



ਗੰਗੂ ਦੀ ਇਹ ਧਮਕੀ ਸੁਣ ਕੇ ਮਾਤਾ ਜੀ ਨੇ ਪਹਿਲਾਂ ਨਾਲੋਂ ਵੀ ਨਰਮ ਸੁਰ ਵਿਚ ਕਿਹਾ, "ਪੁੱਤ! ਤੈਨੂੰ ਕਿਉਂ ਚੋਰ ਬਣਾਉਣਾ ਸੀ ਮੈਂ? ਮੈਂ ਤੈਨੂੰ ਪੁੱਤਰਾਂ ਵਾਂਗ ਪਾਲਿਆ ਏ। ਮੈਂ ਤਾਂ ਕਿਹਾ ਏ, ਸਗੋਂ ਚੰਗਾ ਕੀਤਾ ਈ, ਚਾਰ ਪੈਸੇ ਕਿਤੇ ਚੰਗੇ ਥਾਂ ਸੰਭਾਲ ਲਏ ਈ। ਭਲਾ ਤੇਰਾ ਤੇ ਸਾਡਾ ਕੁਝ ਵੰਡਿਆ ਹੋਇਆ ਏ?" "ਬੱਸ, ਰਹਿਣ ਦਿਹੋ ਮਾਤਾ ਜੀ! ਮੈਂ ਇਹਨਾਂ ਗੱਲਾਂ ਵਿਚ ਆਉਣ ਵਾਲਾ ਨਹੀਂ। ਬੁੜਬੁੜ ਕਰਦਾ ਗੰਗੂ ਘਰੋਂ ਬਾਹਰ ਨਿਕਲ ਤੁਰਿਆ।

ਗੰਗੂ ਨੇ ਸਾਹਿਬਜ਼ਾਦੇ ਫੜਾ ਦਿੱਤੇ - ਮਾਤਾ ਜੀ ਬਥੇਰਾ ਰੋਕ ਰਹੇ, ਪਰ ਮਾਰੀ-ਮੱਤ ਵਾਲਾ ਗੰਗੂ ਮੁੜਿਆ ਨਾ। ਉਸ ਨੇ ਪਿੰਡ ਦੇ ਚੌਧਰੀ ਨੂੰ ਮਾਤਾ ਜੀ ਦੀ ਖ਼ਬਰ ਜਾ ਦਿੱਤੀ। ਚੌਧਰੀ ਓਸ ਵੇਲੇ ਆਪਣੇ ਆਦਮੀ ਲੈ ਕੇ ਆ ਗਿਆ। ਮਾਤਾ ਜੀ ਨੂੰ ਵੇਖ ਕੇ ਚੌਧਰੀ ਨੇ ਆਪਣੇ ਆਦਮੀ ਪਹਿਰੇ 'ਤੇ ਬਿਠਾ ਦਿੱਤੇ। ਚੌਧਰੀ ਤੇ ਗੰਗੂ-ਦੋਵੇਂ ਮੁਰੰਡੇ ਜਾ ਪਹੁੰਚੇ। ਖੇੜੀ ਤੋਂ ਦੋ ਕੁ ਮੀਲ ਹੈ ਮੁਰੰਡਾ। ਮੁਰੰਡੇ ਦੇ ਹਾਕਮ (ਜਾਨੀ ਖ਼ਾਂ ਤੇ ਮਾਨੀ

ਖ਼ਾਂ) ਓਸ ਵੇਲੇ ਸਿਪਾਹੀ ਲੈ ਕੇ ਖੇੜੀ ਜਾ ਪਹੁੰਚੇ। ਮਾਤਾ ਜੀ ਨੇ ਵੇਖ ਕੇ ਗੁੱਸੇ ਨਾਲ ਕਿਹਾ, "ਗੰਗਿਆ! ਜਿਸ ਧਨ ਦੇ ਲੋਭ ਪਿੱਛੇ ਇਹ ਪਾਪ ਕੀਤਾ ਈ, ਕੀ ਉਹ ਤੈਨੂੰ ਪਾਰ ਲੰਘਾ ਦੇਵੇਗਾ? ਤੇਰੀ ਮਰਜ਼ੀ।"

ਧਨ ਵਾਲੀ ਗੱਲ ਏਥੇ ਹੀ ਦੱਬੀ ਗਈ। ਜਾਨੀ ਖ਼ਾਂ, ਮਾਨੀ ਖ਼ਾਂ ਸਨ ਕਿ ਗੁਰੂ ਦੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਨ ਬਦਲੇ ਸਰਕਾਰ ਵੱਲੋਂ ਉਹਨਾਂ ਨੂੰ ਚੋਖੀ ਨੇਕਨਾਮੀ ਮਿਲੇਗੀ। ਉਹਨਾਂ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਮੁਰੰਡੇ ਜਾ ਨਜ਼ਰਬੰਦ ਕੀਤਾ। ਦਸ ਪੋਹ ਨੂੰ ਨਵਾਬ ਵਜ਼ੀਰ ਖਾਂ ਵਾਪਸ ਸਰਹਿੰਦ ਪੁੱਜਾ, ਤਾਂ ਮੁਰੰਡੇ ਵਾਲਿਆਂ ਮਾਤਾ ਜੀ ਤੇ ਸਾਹਿਬਜ਼ਾਦੇ ਓਥੇ ਜਾ ਪੇਸ਼ ਕੀਤੇ। ਚਮਕੌਰ ਵਿਚੋਂ ਗੁਰੂ ਜੀ ਦੇ ਬਚ ਕੇ ਨਿਕਲ ਜਾਣ ਕਰਕੇ ਸੂਬੇਦਾਰ ਵਜ਼ੀਰ ਖਾਂ ਬੜਾ ਖਿਝਿਆ ਹੋਇਆ ਸੀ। ਉਸ ਵੇਲੇ ਆਪਣੀ ਬੜੀ ਵੱਡੀ ਹਾਰ ਤੇ ਨਮੋਸ਼ੀ ਸਮਝਦਾ ਸੀ। ਛੋਟੇ ਸਾਹਿਬਜ਼ਾਦਿਆਂ ਦੇ ਹੱਥ ਆ ਜਾਣ ਕਰਕੇ ਵਜ਼ੀਰ ਖਾਂ ਦੇ ਮਨ ਨੂੰ ਕੁਛ ਢਾਰਸ ਹੋਈ। ਉਹਨੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਕਿਲ੍ਹੇ ਦੇ ਬੁਰਜ ਵਿਚ ਕੈਦ ਕਰ ਦਿੱਤਾ। ਲਗਭਗ ਅੱਠ ਪਹਿਰ ਦਾਦੀ ਪੋਤਰੇ ਭੁੱਖੇ ਤਿਹਾਏ ਰਹੇ। ਸਾਰੀ ਰਾਤ ਦਾਦੀ ਪੋਤਰਿਆਂ ਨੂੰ ਗੋਦ ਵਿਚ ਲੈ ਕੇ ਬਜ਼ੁਰਗਾਂ ਦੀ ਦ੍ਰਿੜਤਾ ਦੀਆਂ ਸਾਖੀਆਂ ਸੁਣਾਉਂਦੀ ਰਹੀ। ਬਿਸਤਰੇ ਤੋਂ ਬਿਨਾਂ, ਠੰਢਾ ਬੁਰਜ, ਪੋਹ ਦੀ ਕਕਰੀਲੀ ਰਾਤ ਤੇ ਢਿੱਡੋਂ ਭੁੱਖੇ, ਨੀਂਦ ਅੱਖਾਂ ਦੇ ਨੇੜੇ ਨਾ ਫੜਕੀ। ਅਗਲੇ ਦਿਨ ਕਚਹਿਰੀ ਲੱਗੀ, ਤਾਂ ਸਾਹਿਬਜ਼ਾਦਿਆਂ ਨੂੰ ਪੇਸ਼ ਕਰਨ ਦਾ ਹੁਕਮ ਹੋਇਆ।

ਨਵਾਬ ਦੇ ਅਹਿਲਕਾਰਾਂ ਨੇ ਇਕ ਗੋਂਦ ਅਨੁਸਾਰ ਕਚਹਿਰੀ ਦਾ ਵੱਡਾ ਦਰਵਾਜ਼ਾ ਬੰਦ ਕਰ ਦਿੱਤਾ, ਤੇ ਸਾਹਿਬਜ਼ਾਦਿਆਂ ਦੇ ਲੰਘਣ ਵਾਸਤੇ ਛੋਟੀ ਜੇਹੀ ਬਾਰੀ ਖੁੱਲ੍ਹੀ ਰੱਖੀ। ਵਿਉਂਤ ਇਹ ਸੀ ਕਿ ਅੰਦਰ ਦਾਖ਼ਲ ਹੋਣ ਲੱਗੇ ਸਾਹਿਬਜ਼ਾਦੇ ਸਿਰ ਝੁਕਾ ਕੇ ਲੰਘਣਗੇ, ਤਾਂ ਸਾਰੇ ਦਰਬਾਰੀ ਰੌਲਾ ਪਾ ਦੇਣਗੇ, ਕਿ ਸਾਹਿਬਜ਼ਾਦੇ ਨਵਾਬ ਨੂੰ ਸਲਾਮ ਕਰ ਰਹੇ ਹਨ। ਦੋ ਸਿਪਾਹੀਆਂ ਸਾਹਿਬਜ਼ਾਦਿਆਂ ਨੂੰ ਲੈਣ ਵਾਸਤੇ ਗਏ। ਪੋਤਰਿਆਂ ਨੂੰ ਵਿੱਦਿਆ ਕਰਦਿਆਂ ਮਾਤਾ ਗੁਜਰੀ ਨੇ ਏਨਾ ਕਿਹਾ, "ਮੇਰੇ ਲਾਲ! ਏਨੀ ਗੱਲ ਯਾਦ ਰੱਖਣੀ ਕਿ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਤੇ ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਹੋ। ਮਰਦਾਂ ਵਾਂਗ ਅਡੋਲ ਰਹਿਣਾ। ਜ਼ਾਲਮ ਸਾਹਮਣੇ ਝੁਕਣਾ ਨਹੀਂ, ਗੱਜ ਕੇ ਫ਼ਤਹਿ ਬੁਲਾਉਣੀ।"

ਸਾਰੇ ਰਾਹ ਸਿਪਾਹੀ ਧਮਕੀਆਂ ਦੇਂਦੇ ਗਏ। ਨਵਾਬ ਦੇ ਸਿਪਾਹੀਆਂ ਨੇ ਧਮਕੀ ਦੇਂਦਿਆਂ ਕਿਹਾ, 'ਐ ਬਾਲਕੋ! ਨਵਾਬ ਸਾਹਿਬ ਨੂੰ ਝੁਕ ਕੇ ਸਲਾਮ ਕਰੋ।' ਤੁਹਾਡੇ ਪਿਤਾ ਜੀ ਨੇ ਸਲਾਮ ਕਰਨ ਦੀ ਥਾਂ, ਨਵਾਬ ਦਾ ਮੂੰਹ ਚਿੜਾਉਣਾ ਸ਼ੁਰੂ ਕਰ ਦਿੱਤਾ। ਛੋਟੇ ਹੁੰਦੇ ਤੋਂ ਹੀ ਉਹ ਕਿਸੇ ਆਕੜਖ਼ੋਰ ਦਾ ਰੁਹਬ ਤਾਂ ਮੰਨਦੇ ਹੀ ਨਹੀਂ ਸਨ।"

ਵੱਡੇ ਭਰਾ (ਸਾਹਿਬ ਜ਼ੋਰਾਵਰ ਸਿੰਘ ਜੀ) ਨੇ ਛੋਟੇ (ਸਾਹਿਬ ਫ਼ਤਿਹ ਸਿੰਘ ਜੀ) ਦੇ ਕੰਨ ਵਿਚ ਕੁਛ ਸਮਝਾਇਆ। ਸਿਪਾਹੀ ਨੇ ਕੜਕ ਕੇ ਕਿਹਾ, "ਔਧਰ ਵੇਖੋ! ਜਿਸ ਤਰ੍ਹਾਂ ਅਗਲਾ ਸਿਪਾਹੀ ਸਲਾਮ ਕਰਦਾ ਹੋਇਆ ਕਚਹਿਰੀ ਵਿਚ ਦਾਖਲ ਹੁੰਦਾ ਹੈ, ਓਸੇ ਤਰ੍ਹਾਂ ਸਲਾਮ ਕਰਨਾ ਹੋਵੇਗਾ।" ਸਾਹਿਬਜ਼ਾਦਿਆਂ ਨੂੰ ਪ੍ਰੇਰਨਾ ਦੇਣ ਵਾਸਤੇ ਇਕ ਸਿਪਾਹੀ ਉਹਨਾਂ ਦੇ ਅੱਗੇ-ਅੱਗੇ ਬਾਰੀ ਵਿਚ ਦੀ ਸਿਰ ਝੁਕਾ ਕੇ ਸਲਾਮ ਕਰਦਾ ਹੋਇਆ ਲੰਘਿਆ। ਉਹਨਾਂ ਦਾ ਖ਼ਿਆਲ ਸੀ ਕਿ ਵੇਖੋ-ਵੇਖੀ ਸਾਹਿਬਜ਼ਾਦੇ ਵੀ ਓਸੇ ਤਰ੍ਹਾਂ ਕਰਨਗੇ। ਪਰ ਸਾਹਿਬਜ਼ਾਦਿਆਂ ਨੂੰ 'ਨਿਰਭੈਤਾ' ਦਾ ਗੁਣ ਆਪਣੇ ਪਿਤਾ ਵੱਲੋਂ ਵਿਰਸੇ ਵਿਚ ਮਿਲਿਆ ਹੋਇਆ ਸੀ। ਸਾਹਿਬ ਜ਼ੋਰਾਵਰ ਸਿੰਘ ਛੋਟਾ ਭਰਾ ਦੇ ਅੱਗੇ ਲੱਗ ਤੁਰੇ। ਉਹਨਾਂ ਪਹਿਲਾਂ ਬਾਰੀ ਵਿਚੋਂ ਪੈਰ ਅੱਗੇ ਲੰਘਾਏ ਤੇ ਫਿਰ ਸਿਰ। ਵੱਡੇ ਵੱਲ ਵੇਖ ਕੇ ਛੋਟੇ ਨੇ ਵੀ ਓਵੇਂ ਹੀ ਕੀਤਾ। ਦੁਸ਼ਮਣ ਦਾ ਇਹ ਮੱਕਾਰੀ ਭਰਿਆ ਵਾਰ ਖ਼ਾਲੀ ਗਿਆ। ਨਵਾਬ ਦੇ ਸਾਹਮਣੇ ਨਿਧੜਕ ਖਲੋ ਕੇ ਦੋਹਾਂ ਸਾਹਿਬਜ਼ਾਦਿਆਂ ਨੇ 'ਫ਼ਤਿਹ' ਬੁਲਾਈ। ਸੁਣ ਕੇ ਸਾਰੇ ਦਰਬਾਰੀ ਦੰਗ ਰਹਿ ਗਏ। ਗੁੱਸੇ ਨਾਲ ਬਹੁਤਿਆਂ ਦੇ ਮੱਥੇ ਉਤੇ ਵੱਟ ਪੈ ਗਏ।

ਵਜ਼ੀਰ ਖ਼ਾਂ ਦਾ ਪੇਸ਼ਕਾਰ ਇਕ ਹਿੰਦੂ ਸੁੱਚਾ ਨੰਦ ਸੀ। ਉਹਨਾਂ ਸਾਹਿਬਜ਼ਾਦਿਆਂ ਨੂੰ ਪਲੋਸਦਿਆਂ ਬੜੀ ਮਿੱਠੀ ਸੁਰ ਵਿਚ ਕਿਹਾ, "ਬਾਲਕੋ! ਮੈਂ ਹਿੰਦੂ ਹਾਂ। ਤੁਹਾਡੇ ਨਾਲ ਮੈਨੂੰ ਹਮਦਰਦੀ ਹੈ। ਜਾਣਦੇ ਓ, ਤੁਹਾਡੇ ਪਿਤਾ ਜੀ ਤੇ ਦੋਵੇਂ ਵੱਡੇ ਭਾਈ ਚਮਕੌਰ ਵਿਚ ਸਾਰੇ ਸਿੱਖਾਂ ਸਮੇਤ ਮਾਰੇ ਗਏ ਹਨ। ਗੁਸਤਾਖ਼ੀ ਕਰੋਗੇ, ਤਾਂ ਤੁਸੀਂ ਵੀ ਮਾਰੇ ਜਾਉਗੇ। ਨਵਾਬ ਸਾਹਿਬ ਬੜੇ ਰਹਿਮ-ਦਿਲ ਹਨ। ਸਲਾਮ ਕਰਕੇ ਹਜ਼ੂਰ ਤੋਂ ਮਾਫ਼ੀ ਮੰਗ ਲਓ, ਬਖ਼ਸ਼ੇ ਜਾਉਗੇ। ਨਹੀਂ ਤਾਂ ਬੜੇ ਤਸੀਹੇ ਦੇ ਕੇ ਮਾਰੇ ਜਾਉਗੇ।"

ਸਾਹਿਬ ਜ਼ੋਰਾਵਰ ਸਿੰਘ ਨੇ ਬੜੀ ਨਿਰਭੈਤਾ ਨਾਲ ਸੁੱਚਾ ਨੰਦ ਵੱਲ ਵੇਖਦਿਆਂ ਕਿਹਾ, "ਸਾਡੇ ਪਿਤਾ ਜੀ ਨੂੰ ਕੋਈ ਮਾਰ ਨਹੀਂ ਸਕਦਾ। ਨਾ ਹੀ ਅਸੀਂ ਕਿਸੇ ਤੋਂ ਡਰਦੇ ਹਾਂ। ਅਸਾਂ ਫ਼ਤਹਿ ਬੁਲਾਈ ਹੈ, ਤੇ ਫ਼ਤਹਿ ਬੁਲਾਉਂਦੇ ਰਹਾਂਗੇ। ਦੁੱਖਾਂ ਤਸੀਹਿਆਂ ਤੋਂ ਡਰਨ ਵਾਲੇ ਅਸੀਂ ਨਹੀਂ। ਜੋ ਤੁਹਾਡੇ ਦਿਲ ਆਵੇ, ਕਰ ਲਵੋ।" ਇਸ ਦਲੇਰੀ ਭਰੇ ਉੱਤਰ ਨੇ ਸਭ ਨੂੰ ਹੈਰਾਨ ਕਰ ਦਿੱਤਾ।

ਇਕ ਪਾਸੇ ਸਾਹਿਬਜ਼ਾਦਿਆਂ ਨੂੰ ਰੱਜ ਕੇ ਧਮਕਾਇਆ ਗਿਆ, ਤੇ ਦੂਸਰੇ ਪਾਸੇ ਹਰ ਤਰ੍ਹਾਂ ਦੇ ਲਾਲਚ ਵਿਖਾਏ ਗਏ, ਪਰ ਉਹ ਬੀਰ-ਬਾਲਕ ਕਿਸੇ ਝਾਂਸੇ ਵਿਚ ਨਾ ਆਏ। ਅੰਤ ਵਜ਼ੀਰ ਖਾਂ ਨੇ ਕਿਹਾ, "ਬੇ-ਸਮਝ ਬਾਲਕੋ! ਮੇਰੀ ਆਖ਼ਰੀ ਸ਼ਰਤ ਸੁਣ ਲਵੋ। ਜਾਂ ਇਸਲਾਮ ਪਰਵਾਨ ਕਰ ਲਵੋ, ਨਹੀਂ ਤਾਂ ਸਖ਼ਤ ਤਸੀਹੇ ਦੇ ਕੇ ਮਾਰੇ ਜਾਉਗੇ।"

"ਅਸੀਂ ਮੌਤ ਜਾਂ ਦੁੱਖਾਂ ਤਸੀਹਿਆਂ ਤੋਂ ਡਰਨ ਵਾਲੇ ਨਹੀਂ। ਆਪਣੇ ਦਾਦੇ ਵਾਂਗ ਸ਼ਹੀਦ ਹੋ ਜਾਵਾਂਗੇ, ਪਰ ਤੇਰਾ ਦੀਨ ਨਹੀਂ ਮੰਨਾਂਗੇ।" ਸਾਹਿਬਜ਼ਾਦਿਆਂ ਨੇ ਓਵੇਂ ਦਲੇਰੀ ਹੀ ਨਾਲ ਹੀ ਉੱਤਰ ਦਿੱਤਾ।

ਕਚਹਿਰੀ ਵਿਚ ਸ਼ੇਰ ਮੁਹੰਮਦ ਖ਼ਾਂ ਮਲੇਰ ਕੋਟਲੇ ਵਾਲਾ ਵੀ ਬੈਠਾ ਸੀ। ਵਜ਼ੀਰ ਖਾਂ ਨੇ ਉਹਨੂੰ ਸੰਬੋਧਨ ਕਰਕੇ ਕਿਹਾ, "ਖਾਨ ਸਾਹਿਬ! ਚਮਕੌਰ ਵਿਚ ਗੁਰੂ ਨੇ ਤੁਹਾਡੇ ਭਾਈ ਨਾਹਰ ਖ਼ਾਂ ਨੂੰ ਕਤਲ ਕੀਤਾ ਸੀ। ਤੁਸੀਂ ਇਹਨਾਂ ਦੋਹਾਂ ਨੂੰ ਕਤਲ ਕਰਕੇ ਭਰਾ ਦਾ ਬਦਲ ਲੈ ਲਵੋ।"

"ਨਵਾਬ ਸਾਹਿਬ! ਮੇਰੇ ਭਰਾ-ਭਤੀਜੇ ਮੈਦਾਨ ਵਿਚ ਲੜਦੇ ਹੋਏ

ਮਾਰੇ ਗਏ ਹਨ। ਅੱਜ ਵੀ ਗੁਰੂ ਮੇਰੇ ਸਾਹਮਣੇ ਆ ਜਾਏ, ਮੈਂ ਮਰਦਾਂ ਵਾਂਗ ਮੈਦਾਨ ਵਿਚ ਉਸ ਤੋਂ ਬਦਲਾ ਲਵਾਂਗਾ। ਪਰ ਇਹਨਾਂ ਮਾਸੂਮ ਬੱਚਿਆਂ ਨੂੰ ਇਹਨਾਂ ਦੇ ਪਿਤਾ ਦੀ ਕੀਤੀ ਸਜ਼ਾ ਨਹੀਂ ਦਿੱਤੀ ਜਾ ਸਕਦੀ। ਇਹ ਬੇਗੁਨਾਹ ਹਨ। ਮੇਰੀ ਰਾਏ ਹੈ ਕਿ ਇਹਨਾਂ ਨੂੰ ਛੱਡ ਦੇਣਾ ਚਾਹੀਦਾ ਹੈ।"

ਸ਼ੇਰ ਮੁਹੰਮਦ ਦੀ ਰਾਏ ਸੁਣ ਕੇ ਕੋਲੋਂ ਸੁੱਚਾ ਨੰਦ ਉਠ ਖਲੋਤਾ। ਉਹਨੇ ਪਹਿਲਾਂ ਵਾਂਗ ਸਾਹਿਬਜ਼ਾਦਿਆਂ ਨਾਲ ਪਿਆਰ ਜਤਾਉਂਦਿਆਂ ਕਿਹਾ, "ਸੁਣਿਆਂ ਬਾਲਕੋ! ਨਵਾਬ ਸ਼ੇਰ ਮੁਹੰਮਦ ਸਾਹਿਬ ਤੁਹਾਡੇ ਉਤੇ ਰਹਿਮ ਕਰਨ ਦੇ ਹੱਕ ਵਿਚ ਹਨ। ਭਲਾ ਸਰਕਾਰ ਤੁਹਾਨੂੰ ਛੱਡ ਦੇਵੇ, ਤਾਂ ਤੁਸੀਂ ਕੀ ਕਰੋਗੇ?"

"ਅਸੀਂ?" ਸਾਹਿਬ ਜ਼ੋਰਾਵਰ ਸਿੰਘ ਜੀ ਦੇ ਉਤਰ ਦਿੱਤਾ, "ਅਸੀਂ ਜੰਗਲਾਂ ਤੇ ਪਿੰਡਾਂ ਵਿਚ ਜਾ ਕੇ ਆਪਣੇ ਸਿੱਖ ਇਕੱਠੇ ਕਰਾਂਗੇ, ਤੇ ਫ਼ੌਜਾਂ ਬਣਾ ਕੇ ਜ਼ਾਲਮ ਸਰਕਾਰ ਨਾਲ ਲੜਾਂਗੇ।" ਤੇ ਓਦੋਂ ਤੱਕ ਲੜਦੇ ਰਹਾਂਗੇ, ਜਿੰਨਾ ਚਿਰ ਇਹ ਸਰਕਾਰ ਖਤਮ ਨਹੀਂ ਹੋ ਜਾਂਦੀ।" ਦੋਹਾਂ ਸਾਹਿਬਜ਼ਾਦਿਆਂ ਦਾ ਲਗਭਗ ਇਕੋ ਜਵਾਬ ਸੀ।

"ਸੁਣਿਆ ਜਨਾਬ!" ਸੁੱਚਾ ਨੰਦ ਨੇ ਵਜ਼ੀਰ ਖ਼ਾਨ ਵੱਲ ਸੰਬੋਧਤ ਹੋ ਕੇ ਕਿਹਾ, "ਇਹ ਹਨ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦੇ! ਸੱਪਾਂ ਦੇ ਪੁੱਤ ਸੱਪ ਹੀ ਹੁੰਦੇ ਹਨ। ਇਹਨਾਂ ਨੂੰ ਛੱਡ ਦੇਣਾ, ਆਪਣੇ ਆਪ ਵੈਰ ਕਰਨ ਦੇ ਬਰਾਬਰ ਹੈ। ਇਹ ਵੱਡੇ ਹੋ ਕੇ ਆਪਣੇ ਪਿਤਾ ਨਾਲੋਂ ਵੀ ਵੱਧ ਹੋਣਗੇ। ਮੇਰੀ ਰਾਏ ਵਿਚ ਇਹਨਾਂ ਨੂੰ ਮੌਤ ਦੀ ਸਜ਼ਾ ਦੇਣੀ ਚਾਹੀਦੀ ਹੈ

ਸੁੱਚਾ ਨੰਦ ਦੀ ਰਾਏ ਸੁਣ ਕੇ ਮੁਫ਼ਤੀ-ਮੌਲਵੀ ਵੀ ਤੇਜ਼ ਹੋ ਗਏ। ਉਹਨਾਂ ਵੀ ਸਾਹਿਬਜ਼ਾਦਿਆਂ ਨੂੰ ਮਾਰ ਦੇਣ ਦੀ ਰਾਏ ਦਿੱਤੀ। ਵੱਡੇ ਮੁਫ਼ਤੀ ਨੇ ਫ਼ਤਵਾ ਦਿੱਤਾ ਕਿ ਏਹੋ ਜੇਹੇ ਜ਼ਿੱਦੀ ਬਾਲਕਾਂ ਨੂੰ ਜਿਉਂਦਿਆਂ ਨੂੰ ਕੰਧ ਵਿਚ ਚਿਣ ਦੇਣਾ ਚਾਹੀਦਾ ਹੈ।

"ਇਹ ਜ਼ੁਲਮ ਹੈ, ਹੱਦੋਂ ਵੱਧ ਜ਼ੁਲਮ। ਇਹ ਸ਼ਰ੍ਹਾ ਦੇ ਉਲਟ ਹੈ। ਮਾਸੂਮ ਤੇ ਬੇਗੁਨਾਹ ਬੱਚਿਆਂ ਨੂੰ ਮਾਰਨ ਦੀ ਸ਼ਰ੍ਹਾ ਕਦੇ ਇਜਾਜ਼ਤ ਨਹੀਂ ਦੇਂਦੀ। ਮੈਂ ਇਹ ਜ਼ੁਲਮ ਨਹੀਂ ਵੇਖ ਸਕਦਾ।" ਆਹ ਦਾ ਨਾਹਰਾ ਮਾਰ ਕੇ ਸ਼ੇਰ ਮੁਹੰਮਦ ਕਚਹਿਰੀ ਵਿਚੋਂ ਉਠ ਕੇ ਚਲਿਆ ਗਿਆ।

ਸ਼ੇਰ ਮੁਹੰਮਦ ਦੀ ਰਾਏ ਦੀ ਕਿਸੇ ਪਰਵਾਹ ਨਾ ਕੀਤੀ ਗਈ। ਸਾਹਿਬਜ਼ਾਦਿਆਂ ਨੂੰ ਸਜ਼ਾ ਦੇਣ ਵਾਸਤੇ ਕਚਹਿਰੀ ਦੇ ਹਾਤੇ ਵਿਚ ਹੀ ਕੰਧ ਉਸਾਰਨ ਦਾ ਪ੍ਰਬੰਧ ਕੀਤਾ ਗਿਆ। ਕੰਧ ਗੋਡਿਆਂ ਤਕ ਆ ਗਈ। ਦੋਵੇਂ ਸੋਹਲ ਬਾਲਕ ਬੇਹੋਸ਼ ਹੋ ਕੇ ਇਕ ਪਾਸੇ ਉਲਰ ਪਏ। ਉਹਨਾਂ ਦੇ ਭਾਰ ਨਾਲ ਉਸ ਪਾਸਿਓਂ ਕੰਧ ਵੀ ਡਿੱਗ ਪਈ। ਸ਼ਾਇਦ ਕੰਧ ਉਸਾਰਨ ਦਾ ਮਤਲਬ ਵੀ ਵਧੇਰੇ ਕਰਕੇ ਸਾਹਿਬਜ਼ਾਦਿਆਂ ਨੂੰ ਡਰਾਉਣਾ ਹੀ ਸੀ। ਬੇਹੋਸ਼ੀ ਦੀ ਹਾਲਤ ਵਿਚ ਹੀ ਸਾਹਿਬਜ਼ਾਦੇ ਦਾਦੀ ਜੀ ਕੋਲ ਪਹੁੰਚਾ ਦਿੱਤੇ ਗਏ। ਨਿਸ਼ਾਨਾ ਇਹ ਸੀ ਕਿ ਬੱਚਿਆਂ ਦੀ ਅਜੇਹੀ ਹਾਲਤ ਵੇਖ ਕੇ ਮਾਤਾ ਗੁਜਰੀ ਜੀ ਵੀ ਸਹਿਮ ਜਾਣ। ਬੱਚਿਆਂ ਨੂੰ ਜਦ ਹੋਸ਼ ਆਈ, ਤਾਂ ਉਹਨਾਂ ਨੇ ਕਚਹਿਰੀ ਵਿਚ ਹੋਈ-ਬੀਤੀ ਸਾਰੀ ਵੇਰਵੇ ਨਾਲ ਕਹਿ ਸੁਣਾਈ।

ਅਗਲੇ ਦਿਨ ਏਨਾ ਸੁਨੇਹਾ ਆਇਆ, "ਮਾਤਾ ਜੀ! ਨਵਾਬ ਸਾਹਿਬ ਵੱਲੋਂ ਆਪ ਜੀ ਨੂੰ ਸੋਚਣ ਵਾਸਤੇ ਇਕ ਦਿਨ ਦੀ ਹੋਰ ਮੁਹਲਤ ਦਿੱਤੀ ਜਾਂਦੀ ਹੈ। ਆਪ ਇਸਲਾਮ ਕਬੂਲ ਕਰਕੇ ਆਪਣੀ ਤੇ ਬੱਚਿਆਂ ਦੀ ਜਾਨ ਬਚਾ ਸਕਦੇ ਹੋ। ਨਹੀਂ ਤਾਂ ਭਲਕੇ ਦੋਵੇਂ ਸਾਹਿਬਜ਼ਾਦੇ ਕਤਲ ਕਰ ਦਿੱਤੇ ਜਾਣਗੇ।"

ਅੱਠ ਪਹਿਰ, ਜ਼ਿੰਦਗੀ ਦੇ ਆਖ਼ਰੀ ਅੱਠ ਪਹਿਰ ਬੀਤ ਗਏ। ਅਗਲੇ ਦਿਨ ਤੇਰ੍ਹਾਂ ਪੋਹ, ਸੰਮਤ ੧੭੬੧ ਬਿ. ਨੂੰ ਦੋਵੇਂ ਸਾਹਿਬਜ਼ਾਦੇ ਸ਼ਹੀਦ ਕਰਨ ਵਾਸਤੇ ਕਚਹਿਰੀ ਵਿਚ ਪੇਸ਼ ਕੀਤੇ ਗਏ। ਉਸ ਵੇਲੇ ਵੱਡੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਦੀ ਉਮਰ ਸੱਤ ਸਾਲ, ਗਿਆਰਾਂ ਮਹੀਨੇ ਤੇ ਅੱਠ ਦਿਨ ਦੀ ਸੀ। ਛੋਟੇ ਸਾਹਿਬਜ਼ਾਦੇ ਫ਼ਤਿਹ ਸਿੰਘ ਜੀ ਦੀ ਉਮਰ ਪੰਜ ਸਾਲ, ਦਸ ਮਹੀਨੇ ਤੇ ਦਸ ਦਿਨ ਦੀ ਸੀ। ਉਹਨਾਂ ਦੇ ਭੋਲੇ-ਭਾਲੇ ਚਿਹਰਿਆਂ ਵੱਲ ਵੇਖ ਕੇ ਵੀ ਜ਼ਾਲਮਾਂ ਨੂੰ ਤਰਸ ਨਾ ਆਇਆ। ਰਸਮੀ ਤੌਰ 'ਤੇ ਇਕ ਵਾਰ ਫੇਰ ਪੁੱਛਿਆ ਗਿਆ, ਜੇ ਉਹ ਇਸਲਾਮ ਕਬੂਲ ਕਰ ਕੇ ਜਾਨ ਬਚਾਉਣਾ ਚਾਹੁੰਦੇ ਹੋਣ ਤਾਂ। ਪਰ ਗੁਰੂ ਤੇਗ਼ ਬਹਾਦਰ ਦਾ ਖ਼ੂਨ ਮੌਤ ਤੋਂ ਕਿਵੇਂ ਡਰ ਜਾਂਦਾ! ਦੋਹਾਂ ਦੇ ਕਤਲ ਦਾ ਹੁਕਮ ਜਾਰੀ ਹੋ ਗਿਆ।

ਪਰ ਇਹ ਕੰਮ ਕਰੇ ਕੌਣ? ਕੋਈ ਵੀ ਜੱਲਾਦ ਇਸ ਅੱਤ ਦੇ ਜ਼ੁਲਮ ਵਾਸਤੇ ਤਿਆਰ ਨਹੀਂ ਸੀ। ਦੋ ਜੱਲਾਦ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਕਿਸੇ ਮੁਕੱਦਮੇ ਵਿਚ ਫਸੇ ਹੋਏ ਸਨ। ਉਹਨਾਂ ਉਠ ਕੇ ਅਰਜ਼ ਕੀਤੀ, "ਸਰਕਾਰ! ਸਾਡਾ ਜੁਰਮ ਮਾਫ਼ ਕਰ ਦਿੱਤਾ ਜਾਵੇ ਤਾਂ ਅਸੀਂ ਇਹ ਕੰਮ ਕਰਨ ਵਾਸਤੇ ਤਿਆਰ ਹਾਂ।" ਉਹਨਾਂ ਦੀ ਇਹ ਬੇਨਤੀ ਮੰਨ ਲਈ ਗਈ। ਜੱਲਾਦਾਂ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਧਰਤੀ ਉੱਤੇ ਸਿੱਧੇ ਲਿਟਾ ਕੇ ਉਹਨਾਂ ਦੀਆਂ ਛਾਤੀਆਂ 'ਤੇ ਗੋਡੇ ਰੱਖ ਕੇ ਛੁਰੀ ਨਾਲ ਬੱਕਰੇ ਵਾਂਗ ਹਲਾਲ ਕੀਤਾ। ਇਹ ਅਮਾਨਵੀ ਅੱਤਿਆਚਾਰ ਨੂੰ ਵੇਖ ਕੇ ਜ਼ਮੀਨ ਅਸਮਾਨ ਕੰਬ ਉਠੇ। ਇਸ ਸ਼ਹੀਦੀ ਨੇ ਲੋਕ ਮਨਾਂ ਵਿਚ ਅਜਿਹੀ ਅੱਗ ਭੜਕਾ ਦਿੱਤੀ, ਜੋ ਮੁਗ਼ਲ ਰਾਜ ਖ਼ਤਮ ਕਰ ਕੇ ਹੀ ਸ਼ਾਂਤ ਹੋਈ।

# ਕਿਰਤ ਕਰੋ, ਨਾਮ ਜਪੋ, ਵੰਡ ਛਕੋ।

# ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ

ਸਤਿ ਅਤੇ ਸੱਤਾ ਦੋਨੋਂ ਤਾਕਤਾਂ ਸੰਸਾਰ ਦੀ ਖੇਡ ਚਲਾਉਣ ਲਈ ਉਸੇ ਪ੍ਰਮੇਸ਼ਰ ਦੀਆਂ ਬਣਾਈਆਂ ਹੋਈਆਂ ਹਨ। ਆਦਿ ਕਾਲ ਤੋਂ ਇਹ ਦੋਨੋਂ ਤਾਕਤਾਂ ਟਕਰਾਂਦੀਆਂ ਰਹੀਆਂ ਹਨ। ਜਦ ਵੀ ਸਤਿ ਨੇ ਆਵਾਜ਼ ਬੁਲੰਦ ਕੀਤੀ ਸੱਤਾ ਨੇ ਆਪਣੇ ਸ਼ਾਹੀ ਜਲਾਓ ਵਿਚ ਆ ਕੇ ਡੰਡਾ ਵਰਤਿਆ ਹੈ। ਜਦ ਬਾਬਰ ਦੀ ਵੰਸਜ ਦੇ ਉਤਰ-ਅਧਿਕਾਰੀ ਔਰੰਗਜ਼ੇਬ ਨੇ ਤਖਤੇ ਤਾਊਸ ਤੇ ਬੈਠ ਕੇ, ਆਲਮਗੀਰੀ ਬਾਦਸ਼ਾਹਤ ਦੇ ਨਸ਼ੇ ਵਿਚ ਦੀਨ ਮਜ਼ਲੂਮ ਦਾ ਜਿਊਣਾ ਮੁਹਾਲ ਕਰ ਦਿੱਤਾ ਤਾਂ ਪਰਮੇਸ਼ਰ ਦੇ ਹੁਕਮ ਅੰਦਰ ਅਕਾਲ ਤਖ਼ਤ ਦੇ ਉਤਰ-ਅਧਿਕਾਰੀ ਮੈਦਾਨ ਵਿਚ ਨਿਤਰੇ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸਰਿ-ਬਾਜ਼ਾਰ ਸ਼ਹੀਦ ਕਰ ਕੇ ਵੀ ਜਦ ਸੱਤਾ ਨਾ ਲਰਜ਼ਾਈ ਤਾਂ ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਤਲਵਾਰ ਚੁਕਣੀ ਪਈ। ਆਨੰਦਪੁਰ ਦੇ ਆਨੰਦੀ ਖੇੜਿਆਂ ਵਿਚ ਵਿਚਰ ਕੇ ਬਾਦਸ਼ਾਹ ਦਰਵੇਸ਼ ਜੀ ਸੰਸਾਰਕ ਅਤੇ ਪਰਮਾਥਕ ਆਨੰਦ ਮਾਣਦੇ ਹੋਇਆਂ ਜਿੱਥੇ ਇਕ ਪਾਸੇ ਅਗੰਮੀ ਬਖਸ਼ਿਸ਼ਾਂ ਨਾਲ ਦੁਨੀਆਂ ਨੂੰ ਮਾਲਾ ਮਾਲ ਕਰ ਰਹੇ ਸੀ ਉਥੇ ਆਪ ਪਰਵਾਰਕ ਜੀਵਨ ਵਿਚ ਵੀ ਰਸ ਭਰ ਰਹੇ ਸੀ। ਇਸੇ ਰਸਮਈ ਜੀਵਨ ਵਿਚੋਂ ਮਾਤਾ ਜੀਤੋ ਜੀ ਅਤੇ ਮਾਤਾ ਸੁੰਦਰੀ ਜੀ ਦੀ ਕੁੱਖੋਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਵਰਗੇ ਚਾਰ ਅਮੋਲਕ ਹੀਰੇ ਸੰਸਾਰ ਨੂੰ ਮਿਲੇ।



**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
(ਸੇਵਾ ਮੁਕਤ)
**ਸਹਿ-ਸੰਪਾਦਕ**
98141-28181


ਸਮੇਂ ਦੀ ਚਾਲ ਨਾਲ ਅਨੰਦਪੁਰ ਦੇ ਖੇੜੇ ਵਧਦੇ ਗਏ, ਗੁਰਬਾਣੀ ਅਤੇ ਕੀਰਤਨ ਦੀਆਂ ਧੁਨੀਆਂ ਉੱਠੀਆਂ, ਕਵੀ ਦਰਬਾਰ ਸਜੇ, ਰਣਜੀਤ ਨਗਾਰੇ ਵਜੇ, ਬੀਰ ਰਸੀ ਕੌਤਕ ਵਰਤਾਏ, ਸੰਗਤਾਂ ਨਾਲ ਅਨੰਦਪੁਰ ਦੀਆਂ ਰੌਣਕਾਂ ਵਧੀਆਂ ਅਤੇ ਨਾਲ ਹੀ ਚਾਰੇ ਸਾਹਿਬਜ਼ਾਦੇ ਸੰਸਾਰਕ ਅਤੇ ਪਰਮਾਰਥਕ ਵਿੱਦਿਆ ਵਿਚ ਨਿਪੁੰਨਤਾ ਪ੍ਰਾਪਤ ਕਰਦੇ ਰਹੇ। ਪਰ ਸੱਤਾ ਦੇ ਮਾਲਕ ਪਹਾੜੀ ਰਾਜੇ ਇਹ ਕਿਵੇਂ ਬਰਦਾਸ਼ਤ ਕਰ ਸਕਦੇ ਸੀ? ਆਖੀਰ ਛੁਟ ਪੁਟ ਝੜੱਪਾਂ ਪਿਛੋਂ ਬਾਈਧਾਰ ਦੇ ਰਾਜਿਆਂ ਨੇ ਇਕ ਮੁਠ ਹੋ ਕੇ ਮੁਹਾਜ਼ ਬਣਾਇਆ ਅਤੇ ਗੁਰੂ ਸਾਹਿਬ ਨਾਲ ਆ ਮੱਥਾ ਲਾਇਆ। ਜਦ ਆਪਸੀ ਕੋਈ ਪੇਸ਼ ਨਾ ਚਲੀ ਤਾਂ ਬਾਬਰ ਕਿਆਂ ਨੂੰ ਨਾਲ ਲੈ ਆਏ ਅਤੇ ਆਨੰਦਪੁਰ ਨੂੰ ਘੇਰਾ ਪਾ ਲਿਆ। ਲੰਮੇ ਘੇਰੇ ਪਿਛੋਂ ਜਦ ਕੋਈ ਸਿੱਟਾ ਨਾ ਨਿਕਲਿਆ ਅਤੇ ਛੋਟੇ ਸਾਹਿਬਜ਼ਾਦਿਆਂ ਨੇ ਪੂਰਾ ਬਚਪਨ ਵੀ ਨਹੀਂ ਹੰਢਾਇਆ ਸੀ, ਬਾਬਾ ਫਤਿਹ ਸਿੰਘ ਅਜੇ ਕੇਵਲ 7 ਸਾਲ, ਬਾਬਾ ਜੋਰਾਵਰ ਸਿੰਘ 9 ਸਾਲ ਅਤੇ ਬਾਬਾ ਜੁਝਾਰ ਸਿੰਘ ਅਤੇ ਬਾਬਾ ਅਜੀਤ ਸਿੰਘ ਜੀ ਜੁਆਨੀ ਦੀ ਦਹਿਲੀਜ਼ ਚੁੰਮਣ ਲੱਗੇ ਸਨ ਕਿ ਬੇਈਮਾਨ ਹਾਕਮਾਂ ਦੀਆਂ ਝੂਠੀਆਂ ਕਸਮਾਂ ਤੇ ਵਿਸ਼ਵਾਸ ਕਰ ਕੇ ਆਨੰਦਪੁਰ ਛੱਡਣਾ ਪੈ ਗਿਆ।

ਸਰਦੀ ਦੀ ਰੁੱਤ, ਪਿੱਛੇ ਝੂਠੇ ਅਤੇ ਬੇਈਮਾਨ ਪਹਾੜੀ ਹਿੰਦੂ ਰਾਜਿਆਂ ਅਤੇ ਮੁਗ਼ਲ ਸੈਨਾ ਦਾ ਲਸ਼ਕਰ ਅੱਗੇ ਸਰਸਾ ਨਦੀ ਦਾ ਹੜ੍ਹ, ਬੇ ਤਹਾਸ਼ਾ ਜਾਨੀ ਮਾਲੀ ਨੁਕਸਾਨ ਉਠਾ ਕੇ 20 ਦਸੰਬਰ ਦੀ ਕਾਲੀ ਬੋਲ਼ੀ ਰਾਤ ਨੂੰ ਦਸ਼ਮੇਸ਼ ਜੀ ਆਪਣੇ ਜਥੇ ਨਾਲ ਸਰਸਾ ਪਾਰ ਕਰ ਗਏ ਅਤੇ ਬਾਬਾ ਅਜੀਤ ਸਿੰਘ ਦੀ ਕਮਾਨ ਹੇਠ ਸਿੰਘਾਂ ਨੇ ਵੈਰੀ ਦਲ ਨੂੰ ਵੱਧਣੋਂ ਰੋਕੀ ਰੱਖਿਆ। ਪਹਿਲੀ ਬਣਾਈ ਯੋਜਨਾ ਅਨੁਸਾਰ ਮਾਤਾ ਸੁੰਦਰ ਕੌਰ ਅਤੇ ਮਾਤਾ ਸਾਹਿਬ ਕੌਰ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਵੱਲ ਤੁਰ ਪਏ। ਚਾਰੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦਸ਼ਮੇਸ਼ ਜੀ ਸੰਗ ਸਨ।

ਪਰਮੇਸ਼ਰ ਦੇ ਹੁਕਮ ਅੰਦਰ ਉਹ ਸਮਾਂ ਆਇਆ ਜਦ ਪਰਿਵਾਰ ਵਿਛੋੜੇ ਦੇ ਅਸਥਾਨ ਤੇ ਦੋਨੋਂ ਵੱਡੇ ਸਾਹਿਬਜ਼ਾਦੇ ਕਲਗੀਧਰ ਨਾਲ ਹੋ ਗਏ ਅਤੇ ਛੋਟੇ ਸਾਹਿਬਜ਼ਾਦੇ ਮਾਤਾ ਗੁਜਰੀ ਜੀ, ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਨਾਲ ਜੁਦਾ ਹੋ ਗਏ।

**ਚਮਕੌਰ ਦੀ ਜੰਗ** - ਗੁਰੂ ਸਾਹਿਬ ਕੋਲ ਸਾਹਿਬਜ਼ਾਦਿਆਂ ਤੋਂ ਇਲਾਵਾ ਕੇਵਲ ਚਾਲੀ ਸਿੰਘ, ਦੂਸਰੇ ਪਾਸੇ ਦਸ ਲਖ ਫੌਜ ਸੀ। ਰਾਤ ਦੇ ਵਿਸ਼ਰਾਮ ਪਿਛੋਂ ਦਿਨ ਚੜ੍ਹਦੇ ਲੜਾਈ ਸ਼ੁਰੂ ਹੋਈ, ਵੈਰੀ, ਟਿੱਡੀ ਦਲ ਵਾਂਗ ਉਮੜ ਕੇ ਗੜ੍ਹੀ ਵੱਲ ਆਇਆ। ਪਰ ਜਿਸ ਨੇ ਵੀ ਦੀਵਾਰ ਤੇ ਚੜ੍ਹਨ ਦੀ ਕੋਸ਼ਿਸ਼ ਕੀਤੀ ਖਾਲਸੇ ਦੀ ਤੇਗ਼ ਨਾਲ ਲਿਪਟ ਕੇ ਸਦਾ ਦੀ ਨੀਂਦ ਸੌਂ ਗਿਆ। ਉੱਚੇ ਅਸਥਾਨ ਤੇ ਬੈਠ ਗੁਰੂ ਸਾਹਿਬ ਲੜਾਈ ਦਾ ਪੂਰਾ ਜਾਇਜ਼ਾ ਲੈ ਰਹੇ ਸਨ। ਨਾਲ ਹੀ ਆਪਣੀ ਤੀਰ ਅੰਦਾਜ਼ੀ ਦਾ ਜੌਹਰ ਵੀ ਦਿਖਾ ਰਹੇ ਸਨ। ਮਲੇਰਕੋਟਲੇ ਦੇ ਨਵਾਬ ਦਾ ਭਾਈ, ਨਾਹਰ ਖਾਂ ਜਦ ਲਲਕਾਰੇ ਮਾਰਦਾ ਅੱਗੇ ਵਧਦਾ ਗੁਰੂ ਸਾਹਿਬ ਦੇ ਸਾਹਮਣੇ ਆਇਆ, ਗੁਰੂ ਸਾਹਿਬ ਦਾ ਸ਼ਕਤੀਸ਼ਾਲੀ ਤੀਰ ਨਾਗ ਵਾਂਗ ਸ਼ੂਕਦਾ ਨਾਹਰ ਖਾਂ ਦੀ ਲੋਹੇ ਦੀ ਸੰਜੋਅ ਚੀਰ ਕੇ ਆਰ ਪਾਰ ਹੋ ਗਿਆ ਅਤੇ ਨਵਾਬ ਉਥੇ ਹੀ ਢੇਰ ਹੋ ਗਿਆ। ਆਪਣੇ ਭਰਾ ਦੀ ਇਹ ਹਾਲਤ ਦੇਖ ਕੇ ਨਵਾਬ ਸ਼ੇਰ ਖਾਂ ਦਾ, ਗੁਰੂ ਸਾਹਿਬ ਦੇ ਸਾਹਮਣੇ ਹੋਣ ਦਾ ਹੌਂਸਲਾ ਹੀ ਨਾ ਪਿਆ ਅਤੇ ਗੜ੍ਹੀ ਦੀ ਦੀਵਾਰ ਨਾਲ ਲਿਪਟਿਆ ਰਿਹਾ। ਇਸ ਪਿੱਛੋਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੇ ਮੈਦਾਨਿ ਜੰਗ ਵਿਚ ਜਾਣ ਦੀ ਇਜਾਜ਼ਤ ਮੰਗੀ ਗੁਰੂ ਪਿਤਾ ਨੇ ਛਾਤੀ ਨਾਲ ਲਾਇਆ ਮੱਥਾ ਚੁੰਮਿਆ ਅਤੇ ਆਪ ਹੱਥੀਂ ਸ਼ਸਤਰ ਸਜਾ ਕੇ ਗੜ੍ਹੀ ਤੋਂ ਬਾਹਰ ਪੰਜ ਸਿੰਘਾਂ ਸਮੇਤ ਤੋਰਿਆ।

ਬਾਬਾ ਅਜੀਤ ਸਿੰਘ ਜੀ ਬਿਜਲੀ ਦੀ ਫੁਰਤੀ ਨਾਲ ਗੜ੍ਹੀ ਤੋਂ ਬਾਹਰ ਆਏ। ਬਾਬਾ ਜੀ ਨੇ ਪਹਿਲਾਂ ਬੰਦੂਕ ਨਾਲ ਵੈਰੀ ਨੂੰ ਫੁੰਡਿਆ ਫਿਰ ਉਹ ਤੇਗ਼ ਚਲਾਈ ਕਿ ਦੁਸ਼ਮਣ ਵੀ ਮੂੰਹ ਵਿਚ ਉਂਗਲਾਂ ਪਾਉਣ ਤੇ ਮਜ਼ਬੂਰ ਹੋ

ਗਿਆ। ਤਲਵਾਰ ਟੁੱਟ ਜਾਣ ਤੇ ਫਿਰ ਨੇਜ਼ਾ ਲੈ ਕੇ ਜਿਧਰ ਗਏ ਵੈਰੀ ਦੇ ਸੱਥਰ ਵਿਛਾ ਦਿੱਤੇ। ਆਖੀਰ ਨੂੰ ਸਾਥੀ ਸਿੰਘਾਂ ਦੇ ਸ਼ਹੀਦ ਹੋਣ ਤੇ ਇਕੱਲੇ ਵੈਰੀ ਦਲ ਵਿਚ ਘਿਰ ਗਏ ਅਤੇ ਪਿਛੋਂ ਕਿਸੇ ਨੇ ਬਰਛੇ ਦਾ ਵਾਰ ਕੀਤਾ ਅਤੇ ਬਾਬਾ ਜੀ ਸ਼ਹੀਦੀ ਪਾ ਗਏ। ਗੁਰੂ ਸਾਹਿਬ ਗੜ੍ਹੀ ਦੇ ਚੁਬਾਰੇ ਤੇ ਸਭ ਕੁਛ ਅੱਖੀਂ ਦੇਖ ਰਹੇ ਸੀ। ਆਪਣੇ ਬੇਟੇ ਦੀ ਬਹਾਦਰੀ ਦੇਖ ਕੇ ਮਨ ਵਿਚ ਪਰਸੰਨ ਹੋ ਰਹੇ ਸਨ ਅਤੇ ਪਵਿੱਤਰ ਮੁਖਾਰਬਿੰਦ ਤੋਂ ਅਕਾਲ ਪੁਰਖ ਦਾ ਸ਼ੁਕਰ ਕਰ ਰਹੇ ਸਨ।

ਵੱਡੇ ਵੀਰ ਨੂੰ ਸ਼ਹੀਦ ਹੋਇਆ ਦੇਖ, ਬਾਬਾ ਜੁਝਾਰ ਸਿੰਘ ਵੈਰਾਗ ਅਤੇ ਜੋਸ਼ ਵਿਚ ਨਿਮਰਤਾ ਨਾਲ ਹੱਥ ਜੋੜ ਪਿਤਾ ਦੇ ਸਾਹਮਣੇ ਖੜੇ ਗਏ ਅਤੇ ਹੁਕਮ ਦੀ ਉਡੀਕ ਕਰਨ ਲੱਗੇ। ਗੁਰੂ ਪਿਤਾ ਨੇ ਸਾਹਿਬਜ਼ਾਦੇ ਨੂੰ ਆਸ਼ੀਰਵਾਦ ਦੇ ਕੇ ਤੋਰਿਆ ਅਤੇ ਆਪਣੇ ਸਾਹਮਣੇ ਸ਼ਹੀਦ ਹੁੰਦਾ ਦੇਖਿਆ।

ਸ਼ਹੀਦੀਆਂ ਦੀ ਮਹਾਨਤਾ ਦੇਖ ਕੇ ਹਕੀਮ ਅੱਲਾ ਯਾਰ ਖਾਂ ਜੋਗੀ ਜੀ ਨੂੰ ਕਹਿਣਾ ਪਿਆ।

**ਬਸ ਏਕ ਹਿੰਦ ਮੇ ਤੀਰਥ ਹੈ ਯਾਤਰਾ ਕੇ ਲੀਏ।**
**ਕਟਾਏ ਬਾਪ ਨੇ ਬੱਚੇ ਜਹਾਂ ਖੁਦਾ ਕੇ ਲੀਏ।**

**ਸਾਕਾ ਸਰਹੰਦ** - ਦੂਸਰੇ ਪਾਸੇ ਮਾਤਾ ਗੁਜਰੀ ਅਤੇ ਸਾਹਿਬਜ਼ਾਦੇ ਨਮਕ ਹਰਾਮ ਗੰਗੂ ਬ੍ਰਾਹਮਣ ਦੀ ਬੇਈਮਾਨੀ ਦਾ ਸਦਕਾ ਮੁਰਿੰਡੇ ਦੇ ਥਾਣੇਦਾਰ ਜਾਨੀ ਖਾਂ ਅਤੇ ਮਾਨੀ ਖਾਂ ਰਾਹੀਂ ਸਰਹਿੰਦ ਪਹੁੰਚ ਗਏ। ਸੂਬੇਦਾਰ ਸਰਹਿੰਦ ਵਜ਼ੀਰ ਖਾਂ ਦੇ ਹੁਕਮ ਅਨੁਸਾਰ, ਇਕ ਰਾਤ, ਪੋਹ ਦੇ ਮਹੀਨੇ ਠੰਢੇ ਬੁਰਜ ਵਿਚ ਰੱਖ ਕੇ ਅਗਲੇ ਦਿਨ ਨਵਾਬ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ।

ਸਾਹਿਬਜ਼ਾਦਿਆਂ ਨੇ ਗੱਜ ਕੇ ਫਤਹਿ ਬੁਲਾਈ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ"। ਬੱਚਿਆਂ ਦੀ ਨਿਰਭੈਤਾ ਦੇਖ ਕੇ ਨਵਾਬ ਤੇ ਦਰਬਾਰੀਆਂ ਨੇ ਮੂੰਹ ਵਿਚ ਉਂਗਲਾਂ ਪਾ ਲਈਆਂ। ਫਿਰ ਸਮਝਾਣਾ ਸ਼ੁਰੂ ਕੀਤਾ ਕਿ ਪਿਤਾ ਤੁਹਾਡੇ ਸ਼ਹੀਦ ਹੋ ਗਏ ਹਨ, ਤੁਹਾਡਾ ਕੋਈ ਆਸਰਾ ਨਹੀਂ ਰਿਹਾ। ਇਸ ਲਈ ਇਸਲਾਮ ਕਬੂਲ ਕਰੋ ਅਤੇ ਦੁਨੀਆਂ ਦੇ ਸਾਰੇ ਸੁਖ ਮਾਣੋ। ਸਾਹਿਬਜ਼ਾਦਿਆਂ ਦੇ ਇਨਕਾਰ ਕਰਨ ਤੇ ਇਕ ਦਿਨ ਦੀ ਮੁਹਲਤ ਸੋਚਣ ਲਈ ਦਿੱਤੀ ਗਈ ਅਤੇ ਅਗਲੇ ਦਿਨ ਫਿਰ ਦਰਬਾਰ ਵਿਚ ਹਾਜ਼ਰ ਕਰਨ ਦਾ ਹੁਕਮ ਦਿੱਤਾ ਗਿਆ।

ਅਗਲੇ ਦਿਨ ਫਿਰ ਸਾਹਿਬਜ਼ਾਦਿਆਂ ਨੂੰ ਉਹੀ ਪ੍ਰਸ਼ਨ ਕੀਤਾ ਗਿਆ। ਬੱਚਿਆਂ ਦੇ ਨਿਰਭੈਤਾ ਵਾਲੇ ਉੱਤਰ, ਨਿੱਕੀਆਂ ਜਿੰਦਾਂ ਦੀ ਕੋਮਲਤਾ ਅਤੇ ਬੇਗ਼ਮ ਜ਼ੈਨਾ ਦੇ ਤਰਲਿਆਂ ਨਾਲ ਨਵਾਬ ਤਾਂ ਪਸੀਜ ਗਿਆ ਪਰ ਸੁੱਚਾ ਨੰਦ (ਖਾਲਸੇ ਦਾ ਝੂਠਾ ਨੰਦ) ਦੇ ਉਕਸਾਉਣ ਤੇ ਕਿ ਹਜ਼ੂਰ ਸੱਪ ਦੇ ਬੱਚੇ ਸਪੋਲੀਏ ਹੀ ਹੁੰਦੇ ਹਨ ਇਨ੍ਹਾਂ ਤੇ ਤਰਸ ਨ ਕਰੋ ਵੱਡੇ ਹੋ ਕੇ ਤੰਗ ਕਰਨਗੇ। ਨਵਾਬ ਫਿਰ ਸ਼ਾਹੀ ਜਲਾਓ ਵਿਚ ਆ ਗਿਆ ਅਤੇ ਮਾਸੂਮ ਬੱਚਿਆਂ ਤੇ ਹਕੂਮਤ ਦੇ ਬਾਗ਼ੀ ਹੋਣ ਦਾ ਇਲਜ਼ਾਮ ਲਗਾ ਕੇ ਕਤਲ ਦਾ ਫੈਸਲਾ ਕੀਤਾ।

ਕਚਹਿਰੀ ਲੱਗੀ ਹੋਈ ਸੀ ਕਿ ਮਲੇਰਕੋਟਲੇ ਦਾ ਨਵਾਬ ਸ਼ੇਰ ਖਾਂ ਆ ਗਿਆ। ਵਜ਼ੀਰ ਖਾਂ ਕਹਿਣ ਲੱਗਾ ਕਿ ਮੈਂ ਹਕੂਮਤ ਦੇ ਬਾਗ਼ੀ ਦੇ ਪੁੱਤਰਾਂ ਨੂੰ ਤੇਰੇ ਹਵਾਲੇ ਕਰਦਾ ਹਾਂ ਤੇਰਾ ਭਰਾ ਨਾਹਰ ਖਾਂ ਗੁਰੂ ਦੇ ਹੱਥੋਂ ਮਾਰਿਆ ਗਿਆ ਸੀ ਤੂੰ ਉਸਦਾ ਬਦਲਾ ਲੈ ਲੈ।

ਪਰ ਉਸ ਰੱਬੀ ਭੈ ਵਾਲੇ ਪਠਾਨ ਨੇ ਉੱਤਰ ਦਿੱਤਾ ਕਿ ਅਸੀਂ ਪਠਾਨ ਹਾਂ ਜੇ ਹਿੰਮਤ ਹੋਈ ਅਤੇ ਅਵਸਰ ਲੱਗਾ ਗੁਰੂ ਨਾਲ ਮੈਦਾਨੇ ਜੰਗ ਵਿਚ ਨਜਿੱਠਾਂਗੇ। ਮੈਂ ਇਹ ਕੁਕਰਮ ਨਹੀਂ ਕਰ ਸਕਦਾ ਅਤੇ ਇਹ ਕਿਹੜਾ ਧਰਮ ਹੈ ਅਤੇ ਕਿਹੜਾ ਕਾਨੂੰਨ ਹੈ ਜੋ ਆਖਦਾ ਹੈ ਕਿ ਬਾਪ ਦਾ ਬਦਲਾ ਮਾਸੂਮ ਬੱਚਿਆਂ ਤੋਂ ਲਿਆ ਜਾਵੇ?

ਆਖ਼ੀਰ ਕੱਟੜਪੰਥੀ ਮੌਲਾਣੇ ਅਤੇ ਚਾਪਲੂਸ, ਬੇਧਰਮੀ ਦਰਬਾਰੀਆਂ ਦੇ ਕਹਿਣ ਤੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ।


ਮਾਸੂਮ ਨਿਰਦੋਸ਼ ਬੱਚਿਆਂ ਦੀ ਸ਼ਹੀਦੀ ਨਾਲ ਕੁੱਲ ਅੰਬਰ ਹਿੱਲ ਗਿਆ ਅਤੇ ਸਾਰਾ ਖਾਲਸਾ ਪੰਥ ਧੁਰ ਅੰਦਰੋਂ ਝੰਝੋੜਿਆ ਗਿਆ ਅਤੇ ਇਕੋ ਇਕ ਟੀਚਾ ਰਹਿ ਗਿਆ ਜ਼ੁਲਮ ਅਤੇ ਜ਼ੁਲਮ ਦਾ ਨਾਸ਼ ਕਰਨਾ।

ਦਸ਼ਮੇਸ਼ ਪਿਤਾ ਨੇ ਭੀ ਬਹਾਦਰ ਸ਼ਾਹ ਨਾਲ ਜੋ ਸ਼ਰਤਾਂ ਸੁਲਾਹ ਦੀਆਂ ਰੱਖੀਆਂ ਉਨ੍ਹਾਂ ਵਿਚ ਜ਼ਾਲਮਾਂ ਨੂੰ ਹਵਾਲੇ ਕਰਨ ਦੀ ਇਕ ਸ਼ਰਤ ਸੀ। ਜ਼ੁਲਮ ਅਤੇ ਜ਼ਾਲਮ ਦਾ ਨਾਸ਼ ਕਰਨ ਲਈ ਹੀ ਨੰਦੇੜ ਤੋਂ ਬੰਦੇ ਬਹਾਦਰ ਨੂੰ ਹਦਾਇਤ ਕਰਕੇ ਭੇਜਿਆ ਸੀ। ਜੋ ਬਾਬਾ ਜੀ ਨੇ ਗੁਰੂ ਹੁਕਮਾਂ ਨੂੰ ਤਨਦੇਹੀ ਨਾਲ ਨਿਭਾਇਆ। ਦਸ਼ਮੇਸ਼ ਪਿਤਾ ਦੇ ਜੋਤੀ ਜੋਤਿ ਸਮਾਉਣ ਤੋਂ ਕੇਵਲ ਦੋ ਸਾਲ ਪਿਛੋਂ ਮਈ 1710 ਈ. ਨੂੰ ਗੁਰੂ ਮਾਰੀ ਸਰਹਿੰਦ ਨੂੰ ਫਤਹਿ ਕੀਤਾ। ਵਜ਼ੀਰ ਖਾਂ, ਸੁਚਾ ਨੰਦ ਅਤੇ ਹੋਰ ਜ਼ਾਲਮ ਦਰਬਾਰੀਆਂ ਨੂੰ ਉਨ੍ਹਾਂ ਦੀ ਕੀਤੀ ਦਾ ਫਲ ਮਿਲਿਆ।

ਬਾਬਾ ਜੀ ਦੇ ਸ਼ਹੀਦ ਹੋਣ ਪਿਛੋਂ ਮੁੜ ਸਰਹਿੰਦ ਮੁਗ਼ਲਾਂ ਕੋਲ ਆ ਗਿਆ। ਫਿਰ ਦਲ ਖਾਲਸੇ ਵੇਲੇ ਜਦ ਭੀ ਸਿੰਘ ਸਰਹਿੰਦ ਕੋਲੋਂ ਲੰਘਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਯਾਦ ਆ ਜਾਂਦੀ। ਸਿੰਘਾਂ ਦੇ ਜੋਸ਼ ਨਾਲ ਰੋਂਗਟੇ ਖੜ੍ਹੇ ਹੋ ਜਾਂਦੇ, ਇਸ ਸ਼ਹਿਰ ਨੂੰ ਲੁੱਟਦੇ ਤੇ ਕੁਟਦੇ। ਅੰਤ ਮਈ 1775 ਵਿਚ ਮਿਸਲਾਂ ਵੇਲੇ ਖਾਲਸਾ ਦਲ ਨੇ ਸਰਹਿੰਦ ਨੂੰ ਪੂਰਨ ਤੌਰ 'ਤੇ ਫਤਹਿ ਕੀਤਾ। ਸਿੱਖ ਸਰਦਾਰਾਂ ਨੇ ਸ਼ਾਹੀ ਕਿਲ੍ਹਾ ਢਾਹ ਕੇ ਆਪਣੀ ਹੱਥੀਂ ਗਧਿਆਂ ਨਾਲ ਹਲ ਚਲਾਇਆ ਅਤੇ ਸਾਰੇ ਸ਼ਹਿਰ ਨੂੰ ਢਹਿ ਢੇਰੀ ਕਰਕੇ ਜ਼ੁਲਮ ਅਤੇ ਜ਼ਾਲਮ ਦਾ ਨਾਸ਼ ਕੀਤਾ। ਪਰ ਦੀਵਾਨ ਟੋਡਰ ਮਲ, ਜਿਸ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦਾ ਭਾਰੀ ਰਕਮ ਦੇ ਕੇ ਸਸਕਾਰ ਕੀਤਾ ਉਹ ਸਾਰਾ ਮਹੱਲਾ ਮਹਿਫੂਜ਼ ਰਿਹਾ।

ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨਾਲ ਪੰਜਾਬ ਵਿਚ ਐਸੀ ਜਾਗਰਤੀ ਆਈ ਕਿ ਨਿਮਾਣੀ-ਨਿਤਾਣੀ ਜਨਤਾ ਗੁਰੂ ਕੇ ਅੰਮ੍ਰਿਤ ਦੀ ਦਾਤ ਲੈ ਕੇ ਮੁਗ਼ਲਾਂ ਨਾਲ ਜੂਝਣ ਵਾਲੇ ਜਥਿਆਂ ਵਿਚ ਸ਼ਾਮਲ ਹੋਣ ਲੱਗ ਗਈ ਅਤੇ ਕੁਝ ਸਾਲਾਂ ਵਿਚ ਹੀ ਮੁਗ਼ਲ ਹਕੂਮਤ ਦੇ ਪੈਰ ਉਖੜ ਗਏ ਤੇ ਪੰਜਾਬ ਵਿਚ ਪੰਜਾਬੀਆਂ ਦਾ ਆਪਣਾ ਰਾਜ ਸਥਾਪਤ ਹੋ ਗਿਆ। ਅਸੀਂ ਵਾਰ-ਵਾਰ ਨਮਸਕਾਰ ਕਰਦੇ ਹਾਂ, ਸਾਹਿਬਜ਼ਾਦਿਆਂ ਦੀ ਮਹਾਨ ਕਰਣੀ ਨੂੰ ਅਤੇ ਉਨ੍ਹਾਂ ਸੰਗ ਸ਼ਹੀਦ ਹੋਏ ਗੁਰੂ ਜੀ ਦੇ ਸਭ ਸੰਗੀਆਂ-ਸਾਥੀਆਂ ਨੂੰ ਜਿਨ੍ਹਾਂ ਨੇ ਸੱਚ ਦੀ, ਅਮਨ ਦੀ, ਆਜ਼ਾਦੀ ਦੀ ਲੜਾਈ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ। ਮਨੁੱਖਤਾ ਦੇ ਇਤਿਹਾਸ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਬੇਮਿਸਾਲ ਹੈ।

# ਭਾਈ ਲੱਖੀ ਸ਼ਾਹ ਲੁਬਾਣਾ






**ਵਰਿਆਮ ਸਿੰਘ**
ਪੀ.ਈ.ਐਸ. (1)
ਪ੍ਰਿੰਸੀਪਲ (ਰਿਟਾ.)
1, ਅਮਨ ਨਗਰ, ਕਪੂਰਥਲਾ
ਮੋਬਾ. 95010-32619


ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਗੁਰੂ ਜੀ ਦੇ ਬਹੁਤ ਹੀ ਸ਼ਰਧਾਲੂ ਸਿੱਖ ਭਾਈ ਲੱਖੀ ਸ਼ਾਹ ਲੁਬਾਣਾ ਨੇ ਬੜੀ ਸੂਝ-ਬੂਝ ਅਤੇ ਬਹਾਦਰੀ ਨਾਲ ਇਕ ਮਹਾਨ ਸੇਵਾ ਨਿਭਾਈ। ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਮੌਤ ਦੇ ਫੁਰਮਾਨ ਦੀ ਪ੍ਰਵਾਹ ਨਾ ਕਰਦੇ ਹੋਏ ਮੁਗਲ ਪਹਿਰੇਦਾਰਾਂ ਦੀ ਨਜ਼ਰ ਬਚਾ ਕੇ ਗੁਰੂ ਜੀ ਦੇ ਬਿਨਾਂ ਸੀਸ ਧੜ ਨੂੰ ਰੂੰ ਵਾਲੇ ਗੱਡੇ ਵਿਚ ਰੱਖ ਕੇ ਆਪਣੇ ਘਰ ਰਾਇ ਸੀਨਾ ਵਿਖੇ ਲੈ ਗਏ। ਘਰ ਵਿਚ ਚਿਖਾ ਤਿਆਰ ਕੀਤੀ ਅਤੇ ਘਰ ਨੂੰ ਸਾਰੇ ਸਮਾਨ ਸਮੇਤ ਅੱਗ ਲਾ ਦਿੱਤੀ। ਇਸ ਪ੍ਰਕਾਰ ਬੜੇ ਸੁਚੱਜੇ ਢੰਗ ਨਾਲ ਗੁਰੂ ਜੀ ਦੇ ਧੜ ਦਾ ਸਸਕਾਰ ਕਰ ਦਿੱਤਾ। ਇਹ ਭਾਈ ਲੱਖੀ ਸ਼ਾਹ ਦੀ ਬੇ-ਮਸਾਲ ਕੁਰਬਾਨੀ ਸੀ।

ਭਾਈ ਲੱਖੀ ਸ਼ਾਹ ਦੇ ਪਿਤਾ ਦਾ ਨਾਮ ਭਾਈ ਗੋਧੂ ਸੀ। ਇਹਨਾਂ ਦੀ ਜਾਤ ਲੁਬਾਣਾ ਅਤੇ ਗੋਤ ਸੰਡਲਸ ਸੀ। ਇਸ ਪਰਿਵਾਰ ਦਾ ਪੇਸ਼ਾ ਬਿਉਪਾਰ ਸੀ। ਭਾਈ ਲੱਖੀ ਸ਼ਾਹ ਨੇ ਬਿਉਪਾਰ ਦੇ ਢੰਗ ਆਪਣੇ ਪਿਤਾ ਜੀ ਕੋਲੋਂ ਹੀ ਸਿਖੇ ਸੀ। ਵਣਜ ਕਾਰੋਬਾਰ ਹੋਣ ਕਰਕੇ ਕਈ ਲੋਕ ਉਹਨਾਂ ਦੇ ਨਾਮ ਨਾਲ ਵਣਜਾਰਾ ਸ਼ਬਦ ਵੀ ਲਗਾ ਦੇਂਦੇ ਸਨ। ਪਰ ਵਣਜਾਰਾ ਉਹਨਾਂ ਦੀ ਜਾਤ ਜਾਂ ਗੋਤ ਨਹੀਂ ਸੀ। ਕੁਝ ਬਹੁਤ ਹੀ ਸਿਰਮੌਰ ਲੇਖਕਾਂ ਅਤੇ ਬੁੱਧੀਜੀਵਿਆਂ ਵੱਲੋਂ ਭਾਈ ਲੱਖੀ ਸ਼ਾਹ ਦੀ ਲੁਬਾਣਾ ਜਾਤ ਹੋਣ ਬਾਰੇ ਥੋੜ੍ਹੇ ਸ਼ਬਦਾਂ ਵਿਚ ਪ੍ਰਗਟ ਕੀਤੇ ਬੇਸ਼-ਕੀਮਤ ਵਿਚਾਰ ਨਿੱਗਰ ਸਬੂਤ ਵਜੋਂ ਪਾਠਕਾਂ ਦੀ ਨਜ਼ਰ ਕੀਤੇ ਜਾਂਦੇ ਹਨ-

1. The Sikh Religion by Maeauliffe Vol.III page-388. A sikh of the lubana tribe on happening to see the Guru's dead body was greatly grieved and said to himself : 'A curse on the sikhs who look on and allow this dishonour to the corpse of their Guru.'

2. ਭਾਈ ਸੰਤੋਖ ਸਿੰਘ - ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 12, ਅੰਸ਼ੂ 67

ਹੁਤੋ ਲੁਬਾਣਾ ਸਿਖ ਤਹਿ, ਬ੍ਰਿਖਬ ਬ੍ਰਿੰਦ ਜਿਹਿ ਪਾਸ।
ਗਿਣਤੀ ਬਿਖੈ ਹਜ਼ਾਰ ਦਸ, ਨਿਕਟਿ ਰਖੈ ਗਨ ਦਾਸ॥
ਸਸਕਾਰਨ ਕੋ ਕਰੋਂ ਉਪਾਊ।
ਜਥਾ ਨਾ ਜਾਨ ਸਕੇ ਨਰ ਕਾਊ॥

3. ਜੀਵਨ-ਬ੍ਰਿਤਾਂਤ, ਸ੍ਰੀ ਗੁਰੂ ਤੇਗ ਬਹਾਦਰ ਜੀ
ਲੇਖਕ ਪ੍ਰੋਫੈਸਰ ਸਾਹਿਬ ਸਿੰਘ ਡੀ.ਲਿਟ. (ਪੰਨਾ 512)
ਭਾਈ ਲੱਖੀ ਸ਼ਾਹ-ਇਹ ਜਾਤ ਦਾ ਲੁਬਾਣਾ ਸੀ।

4. ਭਾਈ ਲੱਖੀ ਸ਼ਾਹ ਵਣਜਾਰਾ
ਧਰਮ ਪ੍ਰਚਾਰ ਕਮੇਟੀ,
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,
ਰਕਾਬ ਗੰਜ ਗੁਰਦੁਆਰਾ ਸਾਹਿਬ, ਨਵੀਂ ਦਿੱਲੀ
(ਕਿਤਾਬਚਾ 2016 ਪੰਨਾ 2)

ਭਾਈ ਲੱਖੀ ਸ਼ਾਹ ਅਤੇ ਉਹਨਾਂ ਦੇ ਸਾਥੀਆਂ ਦੀ ਦਿਮਾਗੀ ਸੂਝ, ਬਹਾਦਰੀ, ਦਲੇਰੀ, ਸ਼ਰਧਾ ਅਤੇ ਏਕਤਾ ਦਾ ਹੀ ਨਤੀਜਾ ਸੀ ਕਿ ਇਹਨਾਂ ਨੇ ਔਰੰਗਜ਼ੇਬ ਦੇ ਚੈਲੰਜ ਨੂੰ ਪ੍ਰਵਾਨ ਕੀਤਾ ਅਤੇ ਗੁਰੂ ਜੀ ਦਾ ਧੜ ਮੁਗਲਾਂ ਦੇ ਕਰੜੇ ਪਹਿਰੇ ਦੇ ਹੁੰਦੇ ਹੋਇਆਂ ਵੀ ਉਥੋਂ ਚੁਕਿਆ ਅਤੇ ਆਪਣੇ ਘਰ ਲਿਜਾ ਕੇ ਉਹਦਾ ਸਸਕਾਰ ਕੀਤਾ। ਇਹ ਕਰਕੇ ਲੱਖੀ ਸ਼ਾਹ ਲੁਬਾਣੇ ਨੇ ਔਰੰਗਜ਼ੇਬ ਜਹੇ ਹਾਕਿਮ ਦੀ ਹੇਠੀ ਕੀਤੀ। ਇਹ ਲੱਖੀ ਸ਼ਾਹ ਦੀ ਅਦੁਤੀ ਕੁਰਬਾਨੀ ਸੀ।

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਦਾਸ ਚੇਤ ਨੂੰ ਵਿਦਿਆ ਪੜ੍ਹਨ ਲਈ ਪਹਿਲੀ ਵਾਰ ਅੰਮ੍ਰਿਤਸਰ ਛੱਡਣਾ

ਜੈਸਾ ਕਿ ਮੈਂ ਪਹਿਲੇ ਆਪਣੇ ਮੁਰਾਲੇ ਪੁੱਜਣ ਦਾ ਜ਼ਿਕਰ ਕਰ ਆਇਆ ਹਾਂ, ਮੁਰਾਲੇ ਪੁੱਜ ਕੇ ਮੈਂ ਮਹਾਂਪੁਰਖਾਂ ਦੀ ਸੇਵਾ ਵਿਚ ਹੀ ਰਹਿੰਦਾ ਸਾਂ। ਆਪ ਜੀ ਮੈਨੂੰ ਕਹਿਣ ਲੱਗੇ ਕਿ ਚੇਤ ਸਿੰਘ ਤੂੰ ਸਕੂਲੇ ਪੜ੍ਹਨਾ ਹੈ ਕਿ ਧਾਰਮਿਕ ਵਿਦਿਆ ਹਾਸਲ ਕਰਨੀ ਹੈ? ਮੈਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ, ਮੈਂ ਆਪ ਦੇ ਚਰਨਾਂ ਦੀ ਸੇਵਾ ਹੀ ਕਰਨੀ ਚਾਹੁੰਦਾ ਹਾਂ, ਮੈਂ ਪੜ੍ਹਨਾ ਨਹੀਂ ਚਾਹੁੰਦਾ। ਕਹਿਣ ਲੱਗੇ-ਨਹੀਂ, ਪੜ੍ਹਨਾ ਤਾਂ ਜ਼ਰੂਰ ਪਵੇਗਾ। ਮੈਂ ਪਹਿਲੇ ਗੁਰਮੁਖੀ ਅੱਖਰ ਆਪਣੇ ਪਿੰਡ ਭਖੜੇ ਆਲੀ ਦੇ ਗੁਰਦੁਆਰੇ ਭਾਈ ਦੇਵਾ ਸਿੰਘ ਗ੍ਰੰਥੀ ਜੀ ਪਾਸੋਂ ਸਿੱਖੇ ਸਨ। ਪੰਜ ਗ੍ਰੰਥੀ, ਦਸ ਗ੍ਰੰਥੀ ਪੜ੍ਹ ਕੇ ਫਿਰ ਮੈਨੂੰ ਭਾਈ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਜੀ ਦਾ ਪਾਠ ਕਰਨ ਲਈ ਤਾਬਿਆ ਬਿਠਾਇਆ ਸੀ। ਇੱਕ ਸਾਲ ਵਿਚ ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਭਾਈ ਸਾਹਿਬ ਨੇ ਕਰਵਾ ਦਿੱਤਾ। ਜਪੁਜੀ ਸਾਹਿਬ ਮੈਨੂੰ ਕੰਠ ਹੋ ਗਈ ਸੀ।

ਪਾਠ ਦੀ ਸਮਾਪਤੀ ਉਪਰੰਤ ਪਿਤਾ ਜੀ ਨੇ ਮੈਨੂੰ ਸਕੂਲੇ ਬਿਠਾਇਆ। ਮੈਂ ਪ੍ਰਾਇਮਰੀ ਪਾਸ ਕੀਤੀ। ਮਹਾਂਪੁਰਖਾਂ ਕ੍ਰਿਪਾ ਕੀਤੀ ਕਿ ਮੈਨੂੰ ਆਪਣੇ ਨਾਲ ਮੁਰਾਲੇ ਲੈ ਆਏ। ਹੁਣ ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਮੈਨੂੰ ਇਕ ਮਹਾਂਪੁਰਖ ਬਾਬਾ ਨਿਹਾਲ ਸਿੰਘ ਜੀ ਜੋ ਡੇਰੇ ਰਹਿੰਦੇ ਸਨ, ਉਨ੍ਹਾਂ ਦੇ ਪਾਸ ਭਾਸ਼ਾ ਦੇ ਗ੍ਰੰਥ ਪੜ੍ਹਨ ਲਈ ਹੁਕਮ ਕਰ ਦਿੱਤਾ। ਮੈਂ ਆਪ ਜੀ ਦਾ ਹੁਕਮ ਮੰਨ ਕੇ ਉਨ੍ਹਾਂ ਦੇ ਪਾਸ ਪੜ੍ਹਨਾ ਸ਼ੁਰੂ ਕੀਤਾ। ਤਿੰਨ ਚਾਰ ਛੋਟੇ-ਛੋਟੇ ਗ੍ਰੰਥ ਮੈਂ ਬਾਬਾ ਨਿਹਾਲ ਸਿੰਘ ਜੀ ਦੇ ਪਾਸੋਂ ਪੜ੍ਹ ਲਏ। ਇਸ ਤਰ੍ਹਾਂ ਸੇਵਾ ਕਰਦਿਆਂ ਅਤੇ ਕੁਝ ਪੜ੍ਹਾਈ ਕਰਦਿਆਂ ਤਕਰੀਬਨ ਦੋ ਸਾਲ ਲੰਘ ਗਏ। ਫਿਰ ਆਪ ਜੀ ਨੇ ਦਾਸ ਨੂੰ ਕਿਹਾ ਕਿ ਤਹਿਸੀਲ ਫਾਲੀਏ ਵਿਚ ਪਿੰਡ ਕੋਟਲੀ ਹੈ, ਉਥੇ ਪੰਡਤ ਨਰਾਇਣ ਸਿੰਘ ਜੀ ਬੜੇ ਵਿਦਵਾਨ ਹਨ, ਉਨ੍ਹਾਂ ਪਾਸ ਚਲਾ ਜਾ ਤੇ ਉਨ੍ਹਾਂ ਪਾਸੋਂ ਵਿਦਾਂਤ ਦੇ ਗ੍ਰੰਥਾਂ ਦੀ ਪੜ੍ਹਾਈ ਕਰ ਆ। ਇਸ ਤਰ੍ਹਾਂ ਆਪ ਜੀ ਦੇ ਹੁਕਮ ਅਨੁਸਾਰ ਦਾਸ ੧੯੧੬ ਈ. ਵਿਚ ਕੋਟਲੀ ਕਾਜ਼ੀ ਪੁੱਜ ਗਿਆ। ਪੰਡਤ ਨਰਾਇਣ ਸਿੰਘ ਜੀ ਨੇ ਮੈਨੂੰ ਪੁੱਛਿਆ ਕਿ ਕਾਕਾ ਅੱਗੇ ਕਿਹੜੇ-ਕਿਹੜੇ ਗ੍ਰੰਥ ਪੜ੍ਹੇ ਹਨ? ਜੋ ਮੈਂ ਪੜ੍ਹੇ ਸਨ, ਉਨ੍ਹਾਂ ਬਾਰੇ ਦੱਸ ਦਿੱਤਾ। ਆਪ ਜੀ ਨੇ ਮੈਨੂੰ ਵੈਰਾਗ ਸ਼ਤਕ ਭਰਥਰੀ ਦਾ ਸ਼ੁਰੂ ਕਰਵਾਇਆ। ਇਥੇ ਮੇਰੀ ਉਮਰ ਦਾ ਕੋਈ ਪੜ੍ਹਨ ਵਾਲਾ ਨਹੀਂ ਸੀ। ਪੰਡਤ ਜੀ ਗ੍ਰਿਹਸਤੀ ਸਨ, ਸੁਭਾ ਦੇ ਬੜੇ ਸ਼ਾਂਤ ਸਰੂਪ ਸਨ, ਦਾਸ ਨਾਲ ਬੜਾ ਪਿਆਰ ਕਰਦੇ। ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਚਿੱਠੀ ਵੀ ਉਨ੍ਹਾਂ ਨੂੰ ਦੇ ਦਿੱਤੀ ਜਿਸ ਕਰਕੇ ਹੋਰ ਵੀ ਜ਼ਿਆਦਾ ਪਿਆਰ ਕਰਦੇ ਸਨ। ਇਨ੍ਹਾਂ ਪਾਸੋਂ ਵੈਰਾਗ ਸ਼ਤਕ, ਵਿਚਾਰ ਸਾਗਰ, ਮੋਖਸ਼ ਪੰਥ ਆਦਿ ਵਿਦਾਂਤ ਦੇ ਗ੍ਰੰਥ ਪੜ੍ਹੇ। ਉਪਰੰਤ ਮੈਂ ਮੁਰਾਲੇ ਆ ਗਿਆ। ਫਿਰ ਮੈਨੂੰ ਕਹਿਣ ਲੱਗੇ ਕਿ ਹੁਣ ਤੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਾ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਰਥ ਬੋਧ ਹਾਸਲ ਕਰ ਲੈ। ਤੈਨੂੰ ਸ੍ਰੀ ਅੰਮ੍ਰਿਤਸਰ ਗਿਆਨੀ ਅਮੀਰ ਸਿੰਘ ਜੀ ਹੋਰਾਂ ਪਾਸ ਛੱਡ ਆਉਂਦੇ ਹਾਂ। ਮਨ ਤਾਂ ਨਹੀਂ ਸੀ ਕਰਦਾ, ਪਰ ਕਿਹਾ ਕਿ ਜਿਸ ਤਰ੍ਹਾਂ ਆਪ ਜੀ ਦੇ ਹੁਕਮ। ੧੯੧੮ ਵਿਚ ਮੈਨੂੰ ਨਾਲ ਲੈ ਕੇ ਅੰਮ੍ਰਿਤਸਰ ਆਏ। ਕੁੱਝ ਪਿੰਨੀਆਂ, ਇੱਕ ਬੋਤਲ ਧਨੀਏ ਦਾ ਤੇਲ, ਕੁੱਝ ਪੈਸੇ ਤੇ ਹੋਰ ਕੱਪੜੇ ਲੀੜੇ ਦੇ ਕੇ ਮੈਨੂੰ ਗਿਆਨੀ ਅਮੀਰ ਸਿੰਘ ਜੀ ਦੇ ਸਪੁਰਦ ਕੀਤਾ ਤੇ ਆਪ ਦੂਜੇ ਦਿਨ ਗੱਡੀ ਚੜ੍ਹ ਕੇ ਭਿੰਡਰੀ, ਜਿਥੇ ਗਿਆਨੀ ਸੁੰਦਰ ਸਿੰਘ ਹੋਰਾਂ ਨੇ ਇੱਕ ਸੌ ਇੱਕ ਅਖੰਡ ਪਾਠ ਆਰੰਭ ਕਰਨੇ ਸਨ, ਉਨ੍ਹਾਂ ਪਾਸ ਚਲੇ ਗਏ। ਮੈਂ ਬਹੁਤ ਉਦਾਸ ਹੋਇਆ, ਮੇਰਾ ਦਿਲ ਨਾ ਲੱਗੇ, ਰੋਈ ਜਾਵਾਂ। ਮੈਨੂੰ ਗਿਆਨੀ ਅਮੀਰ ਸਿੰਘ ਜੀ ਅਤੇ ਉਨ੍ਹਾਂ ਦੇ ਗੁਰੂ ਬਾਬਾ ਉੱਤਮ ਸਿੰਘ ਜੀ ਬਹੁਤ ਪਿਆਰ ਕਰਨ, ਹੌਂਸਲਾ ਦੇਣ, ਪਰ ਮੇਰਾ ਚਿੱਤ ਨਾ ਲੱਗੇ। ਮੈਂ ਅਗਲੇ ਦਿਨ ਹੀ ਗੱਡੀ ਚੜ੍ਹ ਕੇ ਮੋਗੇ ਜਾ ਉਤਰਿਆ। ਕਿਸੇ ਸਾਥ ਨਾਲ ਭਿੰਡਰੀ ਪੁਜਾ ਤੇ ਇੱਕ ਖੂਹ ਤੇ ਜਾ ਬੈਠਾ। ਡਰਦਾ ਸਾਂ, ਪਾਸ ਜਾਣ ਦਾ ਹੌਂਸਲਾ ਨਾ ਪਵੇ ਕਿ ਗੁੱਸੇ ਹੋਣਗੇ। ਰਹਿਰਾਸ ਦੇ ਪਾਠ ਸਮੇਂ ਮੈਂ ਜਾ ਕੇ ਮੱਥਾ ਟੇਕਿਆ। ਮੈਨੂੰ ਵੇਖ ਕੇ ਬੜੇ ਹੈਰਾਨ ਹੋਏ। ਕਹਿਣ ਲੱਗੇ-ਆ ਗਿਆ ਹੈਂ! ਮੈਂ ਕਿਹਾ ਜੀ-ਮੇਰਾ ਦਿਲ ਨਹੀਂ ਲੱਗਾ। ਪ੍ਰਸ਼ਾਦ ਪਾਣੀ ਛੱਕ ਕੇ ਜਦੋਂ ਆਰਾਮ ਕਰਨ ਲੱਗੇ, ਮੈਂ ਇਕੱਲਾ ਹੀ ਉਨ੍ਹਾਂ ਦੇ ਪਾਸ ਸਾਂ। ਸੇਵਾ ਕਰਦਿਆਂ ਮੈਂ ਕਿਹਾ-ਜੀ ਮੈਂ ਆਪ ਦੇ ਚਰਨਾਂ ਵਿਚ ਹੀ ਰਹਿਣਾ ਹੈ, ਮੈਂ ਹੋਰ ਨਹੀਂ ਪੜ੍ਹਨਾ। ਮੈਨੂੰ ਬਹੁਤ ਸਮਝਾਇਆ, ਬਹੁਤ ਗੱਲਾਂ ਆਪਣੇ ਦਿਲ ਦੀਆਂ ਕਹੀਆਂ ਕਿ ਅਸੀਂ ਤੈਨੂੰ ਕਿਉਂ ਪੜ੍ਹਨ ਲਈ ਜ਼ੋਰ ਦਿੰਦੇ ਹਾਂ, ਅਸੀਂ ਬਾਹਰ ਪ੍ਰਚਾਰ ਕਰਨਾ ਹੈ, ਸਾਨੂੰ ਪ੍ਰਚਾਰਕ, ਕਥਾਵਾਚਕ ਦੀ ਲੋੜ ਹੁੰਦੀ ਹੈ। ਅਸੀਂ ਚਾਹੁੰਦੇ ਹਾਂ ਕਿ ਆਪਣਾ ਘਰ ਦਾ ਪ੍ਰਚਾਰਕ ਕਥਾ ਵਾਚਕ ਹੋਵੇ, ਕਿਸੇ ਨੂੰ ਬਾਹਰੋਂ ਨਾ ਮੰਗਵਾਉਣਾ ਪਵੇ। ਕਾਫੀ ਰਾਤ ਲੰਘ ਗਈ ਮੈਨੂੰ ਸਮਝਾਉਂਦਿਆਂ, ਪਰ ਮੈਂ ਇਕੋ ਹੀ ਗੱਲ ਕਹਾਂ ਕਿ ਮੈਨੂੰ ਤੁਹਾਡੀ ਸੇਵਾ ਤੋਂ ਬਿਨਾਂ ਹੋਰ ਕੁੱਝ ਨਹੀਂ ਚੰਗਾ ਲੱਗਦਾ, ਮੈਂ ਹੋਰ ਨਹੀਂ ਪੜ੍ਹਨਾ, ਮੈਨੂੰ ਆਪਣੇ ਚਰਨਾਂ ਵਿੱਚ ਹੀ ਰੱਖੋ। ਕੋਈ ਮਾਂ ਬਾਪ ਹੀ ਆਪਣੇ ਪੁੱਤਰ ਨੂੰ ਇਸ ਤਰ੍ਹਾਂ ਪੜ੍ਹਾਉਣ ਲਈ ਜ਼ੋਰ ਦੇ ਸਕਦਾ ਹੈ ਜਿਸ ਤਰ੍ਹਾਂ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਦਾਸ ਨੂੰ ਪੜ੍ਹਨ ਲਈ ਜ਼ੋਰ ਦਿੱਤਾ, ਕੋਈ ਦੂਸਰਾ ਨਹੀਂ।

ਅਗਲੇ ਦਿਨ ਅਸੀਂ ਮੁਰਾਲੇ ਪੁੱਜ ਗਏ। ਮੁਰਾਲੇ ਸੇਵਾ ਕਰਨ ਲਈ ਜੇਕਰ ਮੈਂ ਯਤਨ ਕਰਾਂ ਤਾਂ ਨਾ ਤੇ ਮੇਰੇ ਪਾਸੋਂ ਸੇਵਾ ਹੀ ਕਰਾਉਣ ਅਤੇ ਨਾ ਹੀ ਮੇਰੇ ਨਾਲ ਬੋਲਣ, ਇਸ ਤਰ੍ਹਾਂ ਇੱਕ ਤਰ੍ਹਾਂ ਨਾਲ ਮੇਰੇ ਨਾਲੋਂ ਸੰਬੰਧ ਹੀ

ਤੋੜ ਲਿਆ। ਆਪ ਜੀ ਦਾ ਇਸ ਤਰ੍ਹਾਂ ਦਾ ਸੁਭਾ ਸੀ ਕਿ ਜਿਸ ਨਾਲ ਕਿਸੇ ਗੱਲੋਂ ਨਰਾਜ਼ ਹੋਣ ਤਾਂ ਉਸ ਨੂੰ ਕਹਿਣਾ ਕੁੱਝ ਨਹੀਂ, ਬਸ ਉਸ ਨਾਲ ਬੋਲਣਾ ਛੱਡ ਦੇਣਾ। ਅਖੀਰ ਵਿਚ ਉਨ੍ਹਾਂ ਦੀ ਨਰਾਜ਼ਗੀ ਨੇ ਮੇਰਾ ਦਿਮਾਗ਼ ਭੀ ਟਿਕਾਣੇ ਲੈ ਆਂਦਾ ਤੇ ਮੈਂ ਕਿਹਾ ਕਿ ਜੀ ਜਿਸ ਤਰ੍ਹਾਂ ਤੁਸੀਂ ਹੁਕਮ ਕਰੋ, ਮੈਂ ਉਸੇ ਤਰ੍ਹਾਂ ਕਰਨ ਲਈ ਤਿਆਰ ਹਾਂ। ਫਿਰ ਮੈਨੂੰ ਸ੍ਰੀ ਅੰਮ੍ਰਿਤਸਰ ਸਾਹਿਬ ੧੯੧੯ ਈ. ਨੂੰ ਭੇਜਿਆ।

# ਬਹੁਮੁੱਲੇ ਹੀਰੇ ਭਾਈ ਮੱਖਣ ਸ਼ਾਹ ਬਾਰੇ

**ਮੇਜਰ ਸੰਗਤ ਸਿੰਘ ਬਾਵਾ (ਡੀ.ਈ.ਓ.) (ਰਿਟਾ.)**

ਭਾਈ ਮੱਖਣ ਸ਼ਾਹ ਦੇ ਪਰਿਵਾਰ ਬਾਰੇ ਦੋ ਵਿਚਾਰਾਂ ਹਨ। ਇਕ ਵਿਚਾਰ ਗੁਰੂ ਦੀਆਂ ਸਾਖੀਆਂ, ਸਾਖੀ ਨੇ 20 ਪੰਨਾ 67 ਉੱਪਰ ਦਿੱਤਾ ਗਿਆ ਹੈ ਜਿਸ ਅਨੁਸਾਰ ਉਸ ਦੇ ਪਿਤਾ ਦਾ ਨਾਮ ਦਾਸ ਦਿੱਤਾ ਗਿਆ ਹੈ ਅਤੇ ਉਸ ਦਾ ਪੂਰਾ ਨਾਂ ਭਗਵਾਨ ਦਾਸ ਜੀ ਜੋ ਪੇਲੀਆ ਲੁਬਾਣਾ ਸੀ। ਉਸ ਦੇ ਬਾਬਾ ਜੀ ਦਾ ਨਾਂ ਅਰਬਾ ਸੀ। ਗੁਰੂ ਕੀਆਂ ਸਾਖੀਆਂ ਅਨੁਸਾਰ, "ਮੱਖਣ ਸ਼ਾਹ ਬੇਟਾ ਦਾਸੇ ਸ਼ਾਹ ਕਾ ਪੋਤਾ ਅਰਬੇ ਕਾ, ਪੜਪੋਤਾ ਬਿੰਨੋ ਕਾ, ਬੰਸ ਬਹੋੜੂ ਸ਼ਾਹ ਕੀ", ਹਵਾਲਾ ਭਟ ਵਹੀ ਤੋਮਰ ਬਿਜਲੋਤੋਂ ਕੀ, ਸੰਪਾਦਨਾ ਪਿਆਰਾ ਸਿੰਘ ਪਦਮ।

ਨਾਇਕ ਭਗਵਾਨ ਦਾਸ ਦੇ 68000 ਭਾਰ ਲੱਦਣ ਵਾਲੇ ਪਸ਼ੂ ਸਨ ਅਤੇ ਕਈ ਜਹਾਜ਼ ਸਨ। ਉਸ ਦਾ ਮੁੱਖ ਕਾਰੋਬਾਰ ਦੱਖਣ ਵਿਚ ਮੁਗਲ ਸੈਨਾਵਾਂ ਨੂੰ ਰਾਸ਼ਨ ਅਤੇ ਹਥਿਆਰ, ਗੋਲੀ ਸਿੱਕਾ ਆਦਿ ਦੀ ਜ਼ਿੰਮੇਵਾਰੀ ਸੀ। ਉਸ ਸਮੇਂ ਕਿਸੇ ਵਣਜਾਰਾ (ਜਾਂ ਲੁਬਾਣਾ) ਨਾਇਕ ਦਾ ਸੈਨਾਵਾਂ ਨੂੰ ਰਾਸ਼ਨ ਆਦਿ ਪਹੁੰਚਾਉਣ ਲਈ ਚੁਨਣਾ ਉਤਨਾ ਹੀ ਮਹੱਤਵਪੂਰਨ ਹੁੰਦਾ ਸੀ ਜਿਤਨਾ ਉਸ ਮੁਹਿੰਮ ਲਈ ਜਰਨੈਲ ਦਾ ਚੁਨਣਾ ਕਿਉਂਕਿ ਰਸਤੇ ਖ਼ਤਰਨਾਕ ਸਨ। ਰਾਹ ਡਾਕੂਆਂ, ਲੁਟੇਰਿਆਂ ਅਤੇ ਜੰਗਲਾਂ ਦੇ ਖ਼ਤਰੇ ਨਾਲ ਭਰਪੂਰ ਸਨ। ਰਾਹ ਵੀ ਬਹੁਤ ਮਾੜੇ ਹੁੰਦੇ ਸਨ ਅਤੇ ਦੂਰੋਂ ਰਾਸ਼ਨ ਅਤੇ ਹਥਿਆਰ ਲਿਆਉਣ ਲਈ ਬਹੁਤ ਸਮਾਂ ਲੱਗਦਾ ਸੀ ਕਿਉਂਕਿ ਪਸ਼ੂਆਂ ਦੀ ਪ੍ਰਤੀ ਘੰਟਾ ਰਫ਼ਤਾਰ 2 ਮੀਲ ਤੋਂ ਵੱਧ ਨਹੀਂ ਹੁੰਦੀ ਸੀ। ਸਮਾਨ ਦਾ ਦੂਰੋਂ-ਦੂਰੋਂ ਖਰੀਦਣਾ ਅਤੇ ਸੁਰੱਖਿਅਤ, ਸਮੇਂ ਸਿਰ, ਠੀਕ ਸਥਾਨ 'ਤੇ ਪਹੁੰਚਾਉਣਾ ਇਕ ਬੜੀ ਸਮੱਸਿਆ ਹੁੰਦੀ ਸੀ ਪ੍ਰੰਤੂ ਉਸ ਦੇ ਪਰਿਵਾਰ ਦਾ ਇਸ ਲਈ ਬੜਾ ਨਾਮ ਅਤੇ ਸਨਮਾਨ ਸੀ।

ਭਗਵਾਨ ਦਾਸ ਨੂੰ ਦੱਖਣ ਵਿਚ ਨਾਇਕ ਝਾਂਗੀ ਰਾਮ ਅਤੇ ਭੰਗੀ ਰਾਮ ਭਰਾਵਾਂ ਦੇ ਨਾਲ ਹੀ ਮੁਗ਼ਲ ਸੈਨਾਵਾਂ ਨੂੰ ਸਮਾਨ ਪਹੁੰਚਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ ਕਿਉਂਕਿ ਲੜਾਈ ਲੰਬੀ ਸੀ ਅਤੇ ਇਕ ਨਾਇਕ ਵਲੋਂ ਸਮੇਂ ਸਿਰ ਸਮਾਨ ਨਾ ਪਹੁੰਚਾਉਣ ਦੀ ਹਾਲਤ ਵਿਚ ਦੂਸਰਾ ਨਾਇਕ ਸਮੇਂ ਸਿਰ ਸਮਾਨ ਪਹੁੰਚਾ ਦੇਵੇ। ਦੱਖਣ ਦਿੱਲੀ ਤੋਂ ਬਹੁਤ ਦੂਰ ਸੀ।

**ਗਿਆਨੀ ਹਰਨਾਮ ਸਿੰਘ ਅਨੁਸਾਰ ਕੁਰਸੀਨਾਮਾ** - ਭਾਈ ਮੱਖਣ ਸ਼ਾਹ ਬਾਰੇ ਗੁਰੂ ਦੀਆਂ ਸਾਖੀਆਂ ਤੋਂ ਇਲਾਵਾ ਦੂਸਰਾ ਵਿਚਾਰ ਗਿਆਨੀ ਹਰਨਾਮ ਸਿੰਘ ਵੱਲੋਂ ਲੁਬਾਣਾ ਇਤਿਹਾਸ ਦੀ ਪਹਿਲੀ ਲਿਖੀ ਪੁਸਤਕ



ਵਿਚ ਦਿੱਤਾ ਗਿਆ ਹੈ। ਇਹ ਕੁਰਸੀਨਾਮਾ ਹੇਠ ਲਿਖੇ ਅਨੁਸਾਰ ਹੈ -

ਬਰਮਾ, ਅਰਿਤ, ਕਸ਼ਪ, ਸੂਰਜ, ਮੰਨੂੰ, ਮਹਾਂ ਮੁਨ, ਵਿਕੁਖੀ, ਪ੍ਰਨਾਜਿਤ, ਅਨੇਨਾ, ਪ੍ਰਿਥੂ, ਦੀਰਘ ਵਾਹੂ, ਅਨਿਰਨ, ਵਿਸਵਾਸ, ਤਰੰਗਣ, ਹਰਦੇਓ, ਮੱਖਣ ਸ਼ਾਹ।

ਗਿਆਨੀ ਹਰਨਾਮ ਸਿੰਘ ਲਿਖਦਾ ਹੈ ਕਿ ਉਸ ਨੂੰ ਇਹ ਕੁਰਸੀਨਾਮਾ ਬਿਜੈ ਨਗਰ ਤੋਂ ਪੰਡਤ ਮਾਣਕ ਚੰਦ 'ਸਾਰਸੁਤ' ਤੋਂ 1949 ਵਿਚ ਪ੍ਰਾਪਤ ਹੋਇਆ ਸੀ। ਗਿਆਨੀ ਹਰਨਾਮ ਸਿੰਘ ਆਪਣੀ ਪੁਸਤਕ ਲੁਬਾਣਾ ਇਤਿਹਾਸ ਦੇ ਪੰਨਾ 216 'ਤੇ ਇਹ ਵੀ ਲਿਖਦਾ ਹੈ ਕਿ, "ਪ੍ਰਿਥੂ ਦਾ ਸਪੁਤਰ ਦੀਰਘ ਵਾਹੂ ਕਈ ਪੀੜ੍ਹੀਆਂ ਤੋਂ ਬਾਅਦ ਪੈਦਾ ਹੋਏ। ਇਸ ਤਰ੍ਹਾਂ ਹੀ ਕਈ ਪੀੜ੍ਹੀਆਂ ਤੋਂ ਬਾਅਦ ਅਤੇ ਕਈ ਜੁੱਗਾਂ ਤੋਂ ਬਾਅਦ ਦਾ ਕੁਰਸੀਨਾਮਾ ਉਪਰੋਕਤ ਦਿੱਤਾ ਗਿਆ।" ਉਸ ਅਨੁਸਾਰ ਭਾਈ ਮੱਖਣ ਸ਼ਾਹ ਦੇ ਪਿਤਾ ਦਾ ਨਾਮ ਹਰਦੇਓ ਜੀ ਸੀ ਅਤੇ ਆਪ ਕੇਸ਼ਪ ਗੋਤ ਦੇ ਪੇਲੀਏ ਜਾਤ ਦੇ ਸੀ ਅਤੇ ਆਪ ਜੀ ਦੀ ਮਾਤਾ ਦਾ ਨਾਮ ਬਿਜੈ ਦੇਵੀ ਜੋ ਜਾਸ ਖਾਸਰੀਏ ਵਿਚੋਂ ਸੀ ਅਤੇ ਉਹ ਬਿਜੈ ਨਗਰ ਵਿਚ ਹੀ ਪੜ੍ਹੇ ਸਨ। ਸਿੱਖ ਇਤਿਹਾਸ ਦੇ ਲਿਖਾਰੀ ਜਿਵੇਂ ਗਿਆਨੀ ਗਿਆਨ ਸਿੰਘ ਗੁਰੂ ਦੀਆਂ ਸਾਖੀਆਂ ਦੇ ਸੰਪਾਦਕ ਅਨੁਸਾਰ ਹੀ ਭਾਈ ਮੱਖਣ ਸ਼ਾਹ ਦਾ

ਕੁਰਸੀਨਾਮਾ ਸਮਝਦੇ ਲਿਖਦੇ ਹਨ। ਸਿੰਘ ਸਾਹਿਬ ਗਿਆਨੀ ਚੇਤ ਸਿੰਘ ਵੀ 'ਗੁਰ ਸਾਗਰ ਦੇ ਸੁੱਚੇ ਮੋਤੀ' ਅਨੁਸਾਰ ਬਾਬਾ ਮੱਖਣ ਦਾ ਕੁਰਸੀਨਾਮਾ ਸਾਖੀਆਂ ਵਾਲਾ ਦੇਂਦਾ ਹੈ, "ਬਾਵਾ ਸਰੂਪ ਦਾਸ ਭੱਲੇ ਨੇ ਸੰਮਤ 1833 ਬਿਕਰਮੀ ਮੁਤਾਬਿਕ 1776 ਈ. ਵਿਚ ਮਹਿਮਾ ਪ੍ਰਕਾਸ਼ ਰਚਿਆ। ਉਨ੍ਹਾਂ ਦੇ ਲਿਖੇ ਅਨੁਸਾਰ ਗਿਆਨੀ ਗਰਜਾ ਸਿੰਘ ਘਿਰਾਜਪੁਰੀ ਨੇ ਪਹੋਏ ਦੇ ਪੰਡਤ ਪੂਰਨ ਨੰਦ, ਸਪੁਤ੍ਰ, ਪੰਡਤ ਸ਼ਰਧਾ ਰਾਮ ਪਾਸ ਇਕ ਵਹੀ ਦੇਖੀ ਜਿਸ ਵਿਚ ਬਾਬੇ ਮੱਖਣ ਸ਼ਾਹ ਦੀ ਪੂਰੀ ਬੰਸਾਵਾਲੀ, ਜੋ ਭਾਗ ਸਿੰਘ ਪੇਲੀਏ ਨੇ ਸੰਮਤ 1890 ਬਿਕ੍ਰਮੀ ਮੁਤਾਬਕ 1833 ਈ. ਨੂੰ ਲਿਖਾਈ ਅਤੇ ਕੁਰਸੀਨਾਮਾ ਵੀ ਬਾਬਾ ਮੱਖਣ ਸ਼ਾਹ ਜੀ ਦਾ ਲਿਖਾਇਆ ਜਿਸ ਅਨੁਸਾਰ ਬਾਬਾ ਮੱਖਣ ਸ਼ਾਹ ਜੀ ਦਾ ਜਨਮ ਭਾਈ ਦਾਸੇ ਪੇਲੀਏ ਦੇ ਗ੍ਰਹਿ, ਪਿੰਡ ਟਾਂਡਾ ਲੁਬਾਣਾ, ਜੋ ਕਸ਼ਮੀਰ ਦੇ ਜ਼ਿਲ੍ਹੇ ਮੁਜ਼ਫਰਾਬਾਦ ਤੋਂ 18 ਮੀਲ ਹੈ, ਵਿਖੇ ਹੋਇਆ।

**ਭਾਈ ਸੁੱਖਾ ਸਿੰਘ** - ਭਾਈ ਸੁੱਖਾ ਸਿੰਘ ਆਪਣੀ ਪੁਸਤਕ ਗੁਰਬਿਲਾਸ ਪਾਤਸ਼ਾਹੀ 10 ਵਿਚ ਭਾਈ ਮੱਖਣ ਸ਼ਾਹ ਲੁਬਾਣਾ ਦੇ ਪਰਿਵਾਰ ਬਾਰੇ ਤਾਂ ਕੁਝ ਨਹੀਂ ਦਿੰਦੇ ਕੇਵਲ ਉਸ ਦੇ ਬਾਰੇ ਹੇਠ ਲਿਖੇ ਅਨੁਸਾਰ ਹੀ ਦਿੰਦੇ ਹਨ-

**ਦੱਛਣ ਕੇ ਟਾਂਡਾ ਕੋ ਨਾਇਕ।**
**ਲੱਛ ਬੈਲ ਜਹਿ ਚਲੈ ਸਹਾਇਕ।**
**ਬਣਜ ਬਪਾਰ ਬਿਤ ਬ੍ਰਿਤ ਲਾਗਾ।**
**ਨਿਸ ਦਿਨ ਰਸ ਮਾਇਆ ਕੇ ਪਾਗਾ।**

(**ਗੁਰ ਬਿਲਾਸ ਪਾਤਸ਼ਾਹੀ** 10 **ਪੰਨਾ** 7)

# ਮਾਤਾ ਗੁਜਰੀ ਜੀ

ਦਸੰਬਰ ਦਾ ਮਹੀਨਾ ਆਉਂਦਿਆਂ ਹੀ ਸਰਸਾ ਨਦੀ, ਚਮਕੌਰ ਦੀ ਗੜ੍ਹੀ, ਮਾਛੀਵਾੜੇ ਦੇ ਜੰਗਲ, ਸਰਹੰਦ ਦੀਆਂ ਨੀਹਾਂ ਅੱਖਾਂ ਅੱਗੇ ਆ ਜਾਂਦੀਆਂ ਹਨ ਤੇ ਇੱਕ ਅਜਿਹਾ ਨਜ਼ਾਰਾ ਬੰਨ੍ਹਦੀਆਂ ਹਨ ਜੋ ਸਿੱਖ ਸਮਾਜ ਦਾ ਸਿਰ ਗੌਰਵ ਨਾਲ ਉੱਚਾ ਕਰਦਾ ਹੈ। ਇਹ ਠੀਕ ਹੈ ਕਿ ਇਹ ਦ੍ਰਿਸ਼ ਮਨਾਂ ਵਿਚ ਵੈਰਾਗ ਤੇ ਭਾਵੁਕਤਾ ਪੈਦਾ ਕਰਦੇ ਹਨ ਪਰ ਸਿੱਖਾਂ ਨੂੰ ਤਾਂ ਗੁੜ੍ਹਤੀ ਹੀ ਮੌਤ ਦੀ ਮਿਲੀ ਹੈ।

ਛੋਟੀਆਂ ਜਿੰਦਾਂ ਦੇ ਨੀਹਾਂ ਵਿਚ ਚਿਣੇ ਜਾਣ ਦੀ ਘਟਨਾ ਨੇ ਤਾਂ ਅਨਧਰਮੀਆਂ ਨੂੰ ਵੀ ਹਿਲਾ ਕੇ ਰੱਖ ਦਿੱਤਾ। ਪਰੰਤੂ ਇਨ੍ਹਾਂ ਸਾਰੀਆਂ ਘਟਨਾਵਾਂ ਦੇ ਵਾਪਰਨ ਸਮੇਂ ਇਕ ਇਸਤਰੀ ਜੋ ਅਡੋਲ ਅਵਸਥਾ ਵਿਚ ਵਿਚਰਦੀ ਰਹੀ ਉਹ ਸੀ ਗੁਰੂ ਤੇਗ ਬਹਾਦਰ ਜੀ ਦੀ ਸੁਪਤਨੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ-ਮਾਤਾ ਗੁਜਰੀ ਜੀ। ਗੁਰਦੇਵ ਪਤੀ ਦੇ 26 ਸਾਲਾ ਤਪ ਸਮੇਂ ਆਪ ਸੇਵਾ, ਸਿਮਰਨ ਵਿਚ ਲੱਗੇ ਰਹੇ। ਪਤੀ ਦੀ ਸ਼ਹੀਦੀ ਨੂੰ ਖਿੜੇ ਮੱਥੇ ਸਹਾਰਿਆ ਅਤੇ ਉਨ੍ਹਾਂ ਤੋਂ ਬਾਅਦ ਮਸੰਦਾਂ ਅਤੇ ਦੋਖੀਆਂ ਦੇ ਭੈੜੇ ਮਨਸੂਬਿਆਂ ਨੂੰ ਸਿਰੇ ਨਾ ਚੜ੍ਹਨ ਦੇਣਾ। ਆਪ ਬਾਲਕ ਗੁਰੂ ਗੋਬਿੰਦ ਸਿੰਘ ਪਿੱਛੇ ਦੀਵਾਰ ਬਣ ਕੇ ਖੜ੍ਹੇ ਹੋਏ। ਹੁਕਮਨਾਮੇ ਜਾਰੀ ਕੀਤੇ। ਸਿੱਖ ਸੰਗਤਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ ਤੇ ਤੁਰਨ ਦੀ ਪ੍ਰੇਰਨਾ ਦਿੱਤੀ। ਇਨ੍ਹਾਂ ਸਭ ਕਾਰਜਾਂ ਦੇ ਨਾਲ-ਨਾਲ ਉਨ੍ਹਾਂ ਜੋ ਸਿੱਖਿਆ ਆਪਣੇ ਪੋਤਿਆਂ ਨੂੰ ਦਿੱਤੀ ਉਹ ਕਿਸੇ ਤੋਂ ਗੁੱਝੀ ਨਹੀਂ। ਸਾਹਿਬਜ਼ਾਦਿਆਂ ਦੀ ਸ਼ਹੀਦੀ ਕੋਈ ਇੱਕ ਦਿਨ ਦੀ ਖੇਡ ਨਹੀਂ ਸੀ। ਉਸ ਪਿੱਛੇ ਵਰ੍ਹਿਆ ਦੀ ਘਾਲਣਾ ਦਾਦੀ ਅਤੇ ਪਿਤਾ ਜੀ ਦੀ ਸਿੱਖਿਆ ਸੀ। ਵਜ਼ੀਰ ਖਾਂ ਦੀ ਕਚਿਹਿਰੀ ਵਿਚ ਜਾ ਕੇ ਛੋਟੇ ਸਾਹਿਬਜ਼ਾਦਾਂ ਦੇ ਕੜਕਵੇਂ ਜੁਆਬ, ਤੇ ਜਿਨ੍ਹਾਂ ਨੂੰ ਸੁਣ ਕੇ ਵਜ਼ੀਰ ਖਾਂ ਤੇ ਬਾਕੀ ਦਰਬਾਰੀਆਂ ਦੇ ਮੂੰਹ ਟੱਡੇ ਰਹਿ ਗਏ, ਕੋਈ ਇੱਕ ਦਿਨ ਦੀ ਸਿਖਲਾਈ ਦਾ ਸਿੱਟਾ ਨਹੀਂ ਸਨ। ਉਸ ਪਿੱਛੇ ਦਾਦੀ ਮਾਂ ਦੀ ਭਾਰੀ ਸ਼ਕਤੀ ਤੇ ਭਾਰੀ ਮੁਸ਼ੱਕਤ ਕੰਮ ਕਰ ਰਹੀ ਸੀ। ਮਾਤਾ ਗੁਜਰੀ ਜੀ ਵਾਂਗ ਉਨ੍ਹਾਂ ਵੀ ਆਪਣੇ ਲਾਡਲਿਆਂ ਨੂੰ ਦੁਨੀਆਂ ਦੇ ਸਾਰੇ ਲਾਡ ਪਿਆਰ ਦੇਂਦਿਆਂ ਹੋਇਆ ਵੀ ਧਰਮ ਵਿਚ ਪਰਪੱਕ ਰਹਿਣ ਦਾ ਸਬਕ ਪੜ੍ਹਾਉਣਾ ਹੈ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**




ਸ਼ਹੀਦੀਆਂ ਦੇ ਮਹੀਨੇ ਵਿਚ ਮਾਤਾ ਗੁਜਰੀ ਜੀ ਦੀ ਗੱਲ ਸਿੱਧੇ ਤੌਰ ਤੇ ਕੁਝ ਨਾ ਕਹਿ ਕੇ ਵੀ ਬਹੁਤ ਕੁਝ ਕਹਿ ਜਾਂਦੀ ਹੈ। ਮਾਤਾ ਗੁਜਰੀ ਜੀ ਅੱਜ ਵੀ ਪੋਤਿਆਂ ਦੀ ਦਲੀਜ ਤੇ ਬੈਠੀ ਸੰਸਾਰ ਦੀਆਂ ਸਾਰੀਆਂ ਦਾਦੀਆਂ ਨੂੰ ਸੰਦੇਸ਼ ਦੇਂਦੀ ਹੈ ਕਿ ਪ੍ਰਮਾਤਮਾ ਨੇ ਔਰਤ ਨੂੰ ਜਨਨੀ ਬਣਾ ਕੇ ਉਸ ਨੂੰ ਤਖ਼ਤੋਂ ਤਾਜ ਕਾਇਮ ਕਰਨ ਅਤੇ ਹਿਲਾ ਸਕਣ ਦੀ ਤਾਕਤ ਬਖ਼ਸ਼ੀ ਹੈ। ਇਸਤਰੀ ਬਹਾਦਰ ਹੈ, ਉਸ ਪਾਸ ਸ਼ਕਤੀ ਹੈ, ਮਮਤਾ ਹੈ, ਸੇਵਾ ਹੈ, ਦ੍ਰਿਸ਼ਟੀ ਹੈ। ਉਹ ਚਾਹੇ ਤਾਂ ਪਰਬਤ ਹਿਲਾ ਸਕਦੀ ਹੈ, ਚਾਹੇ ਤਾਂ ਦਰਿਆਵਾਂ ਦੇ ਰੁਖ ਮੋੜ ਸਕਦੀ ਹੈ। ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੇ ਮੁਗ਼ਲ ਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਵਜ਼ੀਰ ਖਾਂ ਹੀ ਨਹੀਂ ਔਰੰਗਜ਼ੇਬ ਵੀ ਥਰ-ਥਰ ਕੰਬਣ ਲੱਗਾ। ਨਮਸਕਾਰ ਅਜਿਹੀ ਮਹਾਨ ਇਸਤਰੀ ਨੂੰ ਜਿਸ ਨੇ ਆਪਣਾ ਸਾਰਾ ਪਰਿਵਾਰ ਕੌਮ ਤੇ ਵਾਰ ਕੇ ਕੌਮ ਨੂੰ ਜੀਂਦਿਆਂ ਰੱਖਿਆ। ਉਹ ਪਹਿਲਾਂ ਵੀ ਅਤੇ ਅੱਜ ਵੀ ਸਾਡੇ ਨਾਲ ਹੀ ਹਨ।

# ਨਵੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ



## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ

**ਸ. ਗੁਰਚਰਨ ਸਿੰਘ,**
**ਸੀਨੀਅਰ ਵਾਇਸ ਪ੍ਰਧਾਨ**

**ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,**

**।। ਵਾਹਿਗੁਰੂ ਜੀ ਕਾ ਖਾਲਸਾ।।**

**।। ਵਾਹਿਗੁਰੂ ਜੀ ਕਿ ਫਤਹਿ।।**

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ -** ਨਵੰਬਰ ਮਹੀਨੇ ਦੌਰਾਨ ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ ਜੋ ਕਿ ਵਿੱਤ ਸਕੱਤਰ ਲੈਕਚਰਾਰ ਗੁਲਸ਼ਨ ਕੁਮਾਰ ਸਿੰਘ ਜੀ ਵੱਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਅਨੁਸਾਰ ਹੈ।

ਨਵੰਬਰ ਮਹੀਨੇ ਵਿੱਚ ਕੁੱਲ ਆਮਦਨ – 4,45,656 ਰੁਪਏ

ਨਵੰਬਰ ਮਹੀਨੇ ਵਿੱਚ ਕੁੱਲ ਖਰਚ -2,51,923 ਰੁਪਏ

2. **ਐਜੂਕੇਸ਼ਨ ਪਾਲਿਸੀ -** ਇਸ ਪਾਲਸੀ ਅਧੀਨ ਅਜੇ ਵਿਸ਼ਾ ਵਿਚਾਰ ਅਧੀਨ ਹੀ ਚਲ ਰਿਹਾ ਹੈ ਅਤੇ ਕਨਵੀਨਰ ਸਰਦਾਰ ਨਰਿੰਦਰ ਸਿੰਘ ਇਸ ਨਾਲ ਸਬੰਧਿਤ ਅਗਲੇਰੀ ਕਾਰਵਾਈ ਲਈ ਤੱਤਪਰ ਹਨ।

3. **ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਬਾਰੇ -** ਸਕਾਲਰਸ਼ਿਪ ਜੋ ਕਿ ਯੋਗ ਵਿਦਿਆਰਥੀਆਂ ਨੂੰ ਦੇਣ ਲਈ ਫਾਰਮ ਲੁਬਾਣਾ ਸੇਵਕ ਮੈਗਜ਼ੀਨ ਵਿਚ ਛਾਪੇ ਗਏ ਸਨ ਅਧੀਨ 15 ਬਿਨੇਕਾਰਾਂ ਦੇ ਬਿਨੈ ਪੱਤਰ ਹੁਣ ਤੱਕ ਫਾਊਂਡੇਸ਼ਨ ਵਿਚ ਆਏ ਹਨ, ਜਿਨ੍ਹਾਂ ਦੀ ਚਰਚਾ ਵਰਕਿੰਗ ਕਮੇਟੀ ਮੀਟਿੰਗ ਮਿਤੀ- 18.11.2022 ਵਿੱਚ ਮੈਂਬਰ ਸਾਹਿਬਾਨਾਂ ਨੇ ਕੀਤੀ ਸੀ। ਸਰਬਸਮਤੀ ਨਾਲ ਫੈਸਲਾ ਲਿਆ ਗਿਆ ਕਿ ਜੋ ਬਿਨੈ ਪੱਤਰ ਹੁਣ ਤੱਕ ਆਏ ਹਨ ਉਹਨਾਂ ਦੀ ਘੋਖ ਕਰਕੇ ਬੱਚਿਆਂ ਨੂੰ ਵਜ਼ੀਫੇ ਦੇ ਦਿੱਤੇ ਜਾਣ। ਇਸ ਕਾਰਵਾਈ ਨੂੰ ਨੇਪਰੇ ਚਾੜ੍ਹਣ ਲਈ ਮਾਣਯੋਗ ਸ੍ਰ: ਨਰਿੰਦਰ ਸਿੰਘ ਜੀ, ਕਨਵੀਨਰ ਨੂੰ ਪ੍ਰਧਾਨ ਜੀ ਵੱਲੋਂ ਨਾਮਜਦ ਕਰਕੇ ਬੇਨਤੀ ਕੀਤੀ ਗਈ ਹੈ ਕਿ ਭਵਨ ਵਿਚ ਰਿਕਾਰਡ ਮੁਤਾਬਕ ਚੈਕ ਕਰਕੇ ਅਤੇ ਜਨਰਲ ਸਕੱਤਰ ਅਤੇ ਪ੍ਰਧਾਨ ਸਾਹਿਬ ਨਾਲ ਚਰਚਾ ਕਰਕੇ ਵਜ਼ੀਫੇ ਦੀ ਅਦਾਇਗੀ ਛੇਤੀ ਤੋਂ ਛੇਤੀ ਕਰ ਦਿੱਤੀ ਜਾਏ। ਇਸ ਤੋਂ ਉਪਰੰਤ ਦੂਜੇ ਪੜਾਅ ਵਿੱਚ ਜੋ ਹੋਰ ਬਿਨੈ ਪੱਤਰ ਵਜ਼ੀਫੇ ਲਈ ਆਉਣਗੇ ਉਹਨਾਂ ਨੂੰ ਵਿਚਾਰ ਅਧੀਨ ਕਰਕੇ ਦੂਜੇ ਪੜ੍ਹਾਅ ਵਿਚ ਵਜ਼ੀਫੇ ਦੇ ਦਿੱਤੇ ਜਾਣਗੇ। ਬਿਨੇਕਾਰਾਂ ਦੀ ਤਰੀਕ ਵਧਾਕੇ 30.11.2022 ਕੀਤੀ ਗਈ ਸੀ ਪਰੰਤੂ ਹੋਰ ਬਿਨੇਕਾਰ ਫਾਊਂਡੇਸ਼ਨ ਵਿਚ ਨਹੀਂ ਆਏ ਅਤੇ ਹੋਰ ਤਰੀਕ ਵਿਚ ਵਾਧਾ ਮਿਤੀ- 31.12.2022 ਤੱਕ ਕੀਤਾ ਜਾਂਦਾ ਹੈ ਤਾਂ ਜੋ ਰਿਜ਼ਨਲ ਪ੍ਰਧਾਨ, ਹੋਰ ਅਹੁਦੇਦਾਰ ਅਤੇ ਮੈਂਬਰ ਸਾਹਿਬਾਨ ਆਪਣੀਆਂ ਨਿੱਜੀ ਕੋਸ਼ਿਸ਼ਾਂ ਕਰਕੇ ਇਹ ਵਜ਼ੀਫੇ ਦਾ ਲਾਭ ਲੋੜਵੰਦਾਂ ਵਾਸਤੇ ਉਪਲਬਧ ਕਰਵਾਉਣ ਦੀ ਪੁਰਜ਼ੋਰ ਕੋਸ਼ਿਸ਼ ਕਰਨ।

4. **ਫਾਊਂਡੇਸ਼ਨ ਦੇ ਰੱਖਰਖਾਵ ਅਤੇ ਜ਼ਰੂਰੀ ਸਬੰਧਿਤ ਕੰਮਾਂ ਬਾਰੇ -** ਫਾਊਂਡੇਸ਼ਨ ਦੇ ਕੁਝ ਜ਼ਰੂਰੀ ਕੰਮਾਂ ਨੂੰ ਕਰਨ ਵਾਸਤੇ ਪ੍ਰਧਾਨ ਜੀ ਵੱਲੋਂ ਕਮੇਟੀਆਂ ਦਾ ਗਠਨ ਕੀਤਾ ਹੋਇਆ ਹੈ ਜਿਵੇਂ ਕਿ ਮੇਨ ਆਡੀਟੋਰੀਅਮ ਦੇ ਦੂਜੇ ਪੜ੍ਹਾਅ ਲਈ ਸਰਦਾਰ ਪਰਮਿੰਦਰਜੀਤ ਸਿੰਘ, ਚੇਅਰਮੈਨ ਅਤੇ ਸਰਦਾਰ ਟਹਿਲ ਸਿੰਘ ਕਨਵੀਨਰ ਨਿਯੁਕਤ ਕੀਤੇ ਹਨ ਜੋ ਕਿ ਭਵਨ ਦੇ ਆਡੀਟੋਰੀਅਮ ਦੇ ਦਰਵਾਜ਼ੇ, ਛੱਤ ਅਤੇ ਹੋਰ ਲੋੜੀਂਦੀ ਰੇਨੋਵੇਸ਼ਨ ਆਦਿ ਕਰਵਾਉਣਗੇ। ਫਾਇਰ ਫਾਈਟਿੰਗ ਦੀ ਐਨ.ਓ.ਸੀ. ਲੈਣ ਬਾਰੇ ਜ਼ਰੂਰੀ ਫੀਟਿੰਗਜ਼ ਜੋ ਕਿ ਔਸਤਨ ਖਰਚਾ 60,000/- ਰੁਪਏ ਹੈ ਨੂੰ ਕਰਨ ਵਾਸਤੇ ਕਮੇਟੀ ਦਾ ਗਠਨ ਇੰਜ: ਹਰਦੇਵ ਸਿੰਘ, ਸਾਬਕਾ ਜੀ.ਐਮ. ਦੇ ਸਪੁਰਦ ਕੀਤਾ ਹੋਇਆ ਹੈ ਜਿਸ ਨੂੰ ਇਹ ਕਮੇਟੀ ਵੱਲੋਂ ਛੇਤੀ ਪੂਰਾ ਕਰਨ ਲਈ ਪ੍ਰਧਾਨ ਜੀ ਵੱਲੋਂ ਜ਼ੋਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਐਫ.ਸੀ.ਆਰ.ਏ. ਦੀ ਪ੍ਰਵਾਨਗੀ ਲੈਣ ਹੇਤੂ ਵੀ ਪੂਰੀ ਕਾਗਜ਼ੀ ਕਾਰਵਾਈ ਲੈਕਚਰਾਰ ਗੁਲਸ਼ਨ ਕੁਮਾਰ ਸਿੰਘ ਜੀ, ਵਿੱਤ ਸਕੱਤਰ ਦੀ ਅਗਵਾਈ ਵਿਚ ਕੀਤੀ ਗਈ ਸੀ ਦੀ ਅਜੇ ਪ੍ਰਵਾਨਗੀ ਦੀ ਉਡੀਕ ਕੀਤੀ ਜਾ ਰਹੀ ਹੈ। 80-7 ਦੀ ਪ੍ਰਵਾਨਗੀ ਜੋ ਕਿ ਰਿਕਾਰਡ ਮੁਤਾਬਿਕ ਮਿਤੀ- 01.08.2011 ਤੱਕ ਸੀ ਨੂੰ ਅੱਗੇ ਪ੍ਰਵਾਨਗੀ ਪ੍ਰਾਪਤ ਨਹੀਂ ਕੀਤੀ ਹੈ। ਇਹ ਪ੍ਰਵਾਨਗੀ ਲੈਣ ਵਾਸਤੇ ਵਿੱਤ ਸਕੱਤਰ ਲੈਕਚਰਾਰ ਗੁਲਸ਼ਨ ਕੁਮਾਰ ਸਿੰਘ ਜੀ ਨੇ ਸੀ.ਏ. ਨਾਲ ਤਾਲਮੇਲ ਕਰਕੇ ਆਪਣੇ ਅਧਿਕਾਰ ਖੇਤਰ ਦੀ ਵਰਤੋਂ ਕਰਦੇ ਹੋਏ ਪ੍ਰਵਾਨਗੀ ਲੈਣੀ ਹੈ। ਜਿਸ ਲਈ ਪ੍ਰਧਾਨ ਜੀ ਨੇ ਅਗਲੇਰੀ ਕਾਰਵਾਈ ਕਰਨ ਲਈ ਕਿਹਾ ਹੋਇਆ ਹੈ। ਜਿਸ ਦੀ ਅਜੇ ਤੱਕ ਪ੍ਰਾਪਤੀ ਕਰਨ ਲਈ ਕੋਸ਼ਿਸ਼ ਨਹੀਂ ਕੀਤੀ ਗਈ। ਬਿਜਲੀ ਦਾ ਬਿੱਲ ਜ਼ਿਆਦਾ ਆਉਣ ਕਾਰਨ ਸਬੰਧਿਤ ਬਿਜਲੀ ਦੇ ਲੋਡ ਅਤੇ ਡਿਮਾਂਡ ਨੂੰ ਵਧਾਉਣ ਵਾਸਤੇ ਬਿਨੇ ਪੱਤਰ ਸਬੰਧਿਤ ਐਸ.ਡੀ.ਓ. ਦਫਤਰ ਨੂੰ ਭੇਜ ਕੇ ਜ਼ਰੂਰੀ ਜੋ ਕਾਗਜਾਤ

ਉਹਨਾਂ ਵੱਲੋਂ ਮੰਗੇ ਗਏ ਸਨ, ਦਿੱਤੇ ਹੋਏ ਹਨ। ਜਨਰਲ ਸਕੱਤਰ ਵੱਲੋਂ ਇਸ ਦੀ ਪੈਰਵਈ ਕੀਤੀ ਜਾ ਰਹੀ ਹੈ ਤਾਂ ਜੋ ਲੋਡ ਵਧਾਉਣ ਲਈ ਜੋ ਵੀ ਸਰਕਾਰੀ ਫੀਸ ਹੋਵੇਗੀ ਉਹਨਾਂ ਵੱਲੋਂ ਸੂਚਨਾ ਆਉਣ ਤੇ ਜਮਾਂ ਕਰਵਾਈ ਜਾਵੇਗੀ। ਇਸ ਨਾਲ ਬਿਜਲੀ ਬਿਲ ਵਿਚ ਕਮੀ ਆਵੇਗੀ। ਇੰਜ: ਹਰਦੇਵ ਸਿੰਘ ਜੀ ਵੱਲੋਂ ਪਾਵਰ ਫੈਕਟਰ ਨੂੰ ਦੁਰਸਤ ਕਰਨ ਲਈ ਜ਼ਿੰਮੇਵਾਰੀ ਲਈ ਗਈ ਹੈ ਤੇ ਉਮੀਦ ਹੈ ਕਿ ਇਹ ਕੰਮ ਉਹਨਾਂ ਵੱਲੋਂ ਛੇਤੀ ਹੀ ਨੇਪਰੇ ਚਾੜ੍ਹ ਕੇ, ਜੋ ਬਿਜਲੀ ਬਿਲ ਪਾਵਰ ਫੈਕਟਰ ਕਰਕੇ ਜ਼ਿਆਦਾ ਆਉਂਦਾ ਹੈ ਉਸਨੂੰ ਫਾਉਂਡੇਸ਼ਨ ਦੇ ਹਿੱਤ ਵਿਚ ਘਟਾਇਆ ਜਾ ਸਕੇ। ਸੂਬੇਦਾਰ ਜਸਪਾਲ ਸਿੰਘ ਰੱਖਰਖਾਵ ਸਕੱਤਰ ਜੋ ਕਿ ਮੁਰੰਮਤ ਸਫਾਈ, ਰੱਖਰਖਾਵ, ਬਿਜਲੀ ਪਾਣੀ ਦੀ ਸਪਲਾਈ ਦੀ ਦੇਖ-ਰੇਖ ਅਤੇ ਬਾਗਬਾਨੀ ਆਦਿ ਦੇ ਕਾਰਜ ਨੂੰ ਬਾਖੂਬੀ ਨਿਭਾ ਰਹੇ ਹਨ।

5. **ਗਰਾਊਂਡ ਰੈਂਟ ਦੇ ਨੋਟਿਸ ਬਾਰੇ -** ਅਸਟੇਟ ਆਫਿਸ ਚੰਡੀਗੜ੍ਹ ਵੱਲੋਂ ਨੋਟਿਸ ਗਰਾਉਂਡ ਰੈਂਟ ਅਤੇ ਬਕਾਇਆ ਜਮਾਂ ਕਰਾਉਣ ਬਾਰੇ ਆਇਆ ਹੋਇਆ ਹੈ ਜਿਸ ਦੀ ਚਰਚਾ ਵਰਕਿੰਗ ਕਮੇਟੀ ਵਿਚ ਵੀ ਕੀਤੀ ਗਈ ਅਤੇ ਮੈਂਬਰਾਂ ਦੀ ਜਾਣਕਾਰੀ ਹਿੱਤ ਦੱਸਿਆ ਗਿਆ ਕੇ ਨੋਟਿਸ ਵਿਚ ਅਸਟੇਟ ਆਫਿਸ ਵੱਲੋਂ ਰੁਪਏ 1,13,691/- ਅਤੇ ਜੀ.ਐਸ.ਟੀ/ ਐਸ.ਟੀ. 45,445/- ਜਮਾਂ ਕਰਾਉਣ ਲਈ ਕਿਹਾ ਗਿਆ ਹੈ ਜੋ ਕਿ ਗਰਾਊਂਡ ਰੈਂਟ ਦੇ ਸੰਬੰਧ ਵਿਚ ਹੈ। ਇਹ ਬਕਾਇਆ ਫਾਉਂਡੇਸ਼ਨ ਵੱਲੋਂ 2018-19 ਤੋਂ ਲੈ ਕੇ ਹੁਣ ਤੱਕ ਮਤਲਬ 2022-23 ਤੱਕ ਬਕਾਇਆ ਰਹਿੰਦਾ ਹੈ ਜੋ ਕਿ 7,383/- ਰੁਪਏ ਪ੍ਰਤੀ ਸਾਲ ਬੇਸਿਕ ਬਣਦਾ ਹੈ ਪਰੰਤੂ ਪੁਰਾਣਾ ਰਿਕਾਰਡ ਵਿੱਤ ਸਕੱਤਰ ਵੱਲੋਂ ਘੋਖਣ ਲਈ ਬਣਦਾ ਸੀ ਜੋ ਕਿ ਉਹਨਾਂ ਦੇ ਅਧਿਕਾਰ ਖੇਤਰ ਦਾ ਮਾਮਲਾ ਹੈ ਪ੍ਰੰਤੂ ਸੀਨੀਅਰ ਵਾਇਸ ਪ੍ਰਧਾਨ ਸ੍ਰ: ਗੁਰਚਰਨ ਸਿੰਘ ਜੀ ਵੱਲੋਂ ਪੁਰਾਣਾ ਰਿਕਾਰਡ ਚੈਕ ਕਰਨ ਉਪਰੰਤ ਅਸਟੇਟ ਦਫ਼ਤਰ ਨੂੰ ਮਿਤੀ- 14.11.2022 ਅਤੇ ਐਸ.ਡੀ.ਐਮ. (ਈਸਟ) ਨੂੰ ਮਿਤੀ- 23.11.2022 ਵਿਚ ਦਾਇਰ ਕੀਤਾ ਗਿਆ ਹੈ। ਅਗਲੀ ਤਰੀਕ 07.12.2022 ਦੀ ਹੈ ਜਿਸ ਵਿੱਚ ਇਸ ਨੂੰ ਰਿਕਾਰਡ ਮੁਤਾਬਿਕ ਘੱਟ ਤੋਂ ਘੱਟ ਕਰਵਾਉਣ ਦੀ ਸੀਨੀਅਰ ਵਾਇਸ ਪ੍ਰਧਾਨ (ਹੈਡਕੁਆਟਰ) ਵੱਲੋਂ ਕੋਸ਼ਿਸ਼ ਕੀਤੀ ਜਾਵੇਗੀ।

6. **ਲੁਬਾਣਾ ਸੇਵਕ ਮੈਗਜ਼ੀਨ ਬਾਰੇ -** ਲੁਬਾਣਾ ਸੇਵਕ ਮੈਗਜ਼ੀਨ ਹਰ ਮਹੀਨੇ ਲਗਾਤਾਰ ਛੱਪ ਰਹੀ ਹੈ। ਲੁਬਾਣਾ ਸੇਵਕ ਦੀ ਛਪਾਈ ਅਤੇ ਪਬਲੀਕੇਸ਼ਨ ਜਲੰਧਰ ਤੋਂ ਰਿਆਤੀ ਡਾਕ ਦਰਾ ਤੇ ਜਲੰਧਰ ਤੋਂ ਹੀ ਮੈਂਬਰਾਂ ਨੂੰ ਭੇਜਿਆ ਜਾਂਦਾ ਹੈ। ਲੁਬਾਣਾ ਸੇਵਕ ਵੈਬਸਾਈਟ ਵੀ ਹੈ www.lobanafoundation.com ਤੇ ਵੀ ਵੇਖਿਆ ਜਾ ਸਕਦਾ ਹੈ।

7. **ਮਾਘ ਮਹੀਨੇ ਦੀ ਸੰਗਰਾਂਦ ਬਾਰੇ -** ਮਾਘ ਮਹੀਨੇ ਦੀ ਸੰਗਰਾਂਦ ਮਿਤੀ- 16.11.2022 ਨੂੰ ਭਵਨ ਦੇ ਗੁਰੂ ਘਰ ਵਿਚ ਸ਼ਰਧਾ ਭਾਵ ਨਾਲ ਮਨਾਈ ਗਈ ਅਤੇ ਪਹਿਲਾਂ ਵਾਂਗ ਮਹੀਨਾਵਾਰੀ ਸਹਿਜ ਪਾਠ ਦੇ ਭੋਗ ਉਪਰੰਤ ਕੀਰਤਨ ਦਰਬਾਰ, ਅਰਦਾਸ, ਲੰਗਰ ਆਦਿ ਕਰਕੇ ਸਮਾਪਤੀ ਕੀਤੀ ਗਈ।

8. **ਨਗਰ ਕੀਰਤਨ ਸ੍ਰੀ ਗੁਰੂ ਨਾਨਕ ਦੇਵ ਦੀ ਜੇ ਆਗਮਨ ਪੂਰਬ ਦੇ ਸੰਬੰਧ ਵਿੱਚ -** ਨਗਰ ਕੀਰਤਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੂਰਬ ਦੇ ਸੰਬੰਧ ਵਿਚ ਮਿਤੀ- 05.11.2022 ਨੂੰ ਚੰਡੀਗੜ੍ਹ ਵਿਖੇ ਵਿਸ਼ਾਲ ਨਗਰ ਕੀਰਤਨ ਗੁਰੂ ਘਰਾਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਕੱਢਿਆ ਗਿਆ ਹੈ। ਜਿਸਦੀ ਫੇਰੀ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਕੋਲੋਂ ਹੋ ਕੇ ਲੰਘਣੀ ਸੀ। ਇਸ ਮੌਕੇ ਮੈਨੇਜਮੈਂਟ ਵੱਲੋਂ ਬੜੇ ਪ੍ਰੇਮ ਉਤਸ਼ਾਹ ਨਾਲ ਨਗਰ ਕੀਰਤਨ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਸਵਾਗਤ ਕਰਦੇ ਹੋਏ ਪ੍ਰਸ਼ਾਦ-ਲੰਗਰ ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਤੇ ਪੰਜ ਪਿਆਰਿਆਂ ਨੂੰ ਸਿਰਪਾਉ ਪਾ ਕੇ ਜੀ ਆਇਆ ਆਖ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

9. **ਵਰਕਿੰਗ ਕਮੇਟੀ ਦੀ ਮੀਟਿੰਗ ਬਾਰੇ -** ਮਿਤੀ 18.11.2022 ਨੂੰ ਨੌਂਵੀ ਵਰਕਿੰਗ ਕਮੇਟੀ ਦੀ ਮੀਟਿੰਗ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ, ਚੰਡੀਗੜ੍ਹ ਦੇ ਕਾਨਫਰੰਸ ਹਾਲ ਵਿਚ ਇੰਜ: ਹਰਭਜਨ ਸਿੰਘ, ਪ੍ਰਧਾਨ ਜੀ ਦੀ ਚੇਅਰਮੈਨਸ਼ਿਪ ਵਿਚ ਹੋਈ, ਜਿਸ ਵਿਚ ਮੁੱਖ ਮੁੱਦੇ ਵਿਚਾਰੇ ਗਏ ਜਿਵੇਂ ਕਿ ਸਕੱਤਰ ਵੱਲੋਂ ਅੱਠਵੀਂ ਵਰਕਿੰਗ ਕਮੇਟੀ ਦੇ ਵਿਸ਼ਿਆਂ ਦੀ ਚਰਚਾ ਉਪਰੰਤ ਜੋ ਕਿ ਮਿਤੀ- 31.08.2022 ਨੂੰ ਹੋਈ ਸੀ, ਪ੍ਰਵਾਨਗੀ ਲਈ ਗਈ। ਉਪਰੰਤ ਵਿੱਤ ਸਕੱਤਰ ਵੱਲੋਂ ਵਿੱਤੀ ਰਿਪੋਰਟ, ਆਮਦਨ ਅਤੇ ਖਰਚ ਦਾ ਵੇਰਵਾ ਮੈਂਬਰਾ ਦੀ ਜਾਣਕਾਰੀ ਲਈ ਦਿੱਤਾ ਗਿਆ। ਬਾਕੀ ਵਿਸ਼ੇ ਜਿਵੇਂ ਕਿ ਆਡੀਟੋਰੀਅਮ ਦੀ ਰਿਪੇਅਰ, ਐਫ.ਸੀ.ਆਰ.ਏ. ਦੀ ਰਜਿਸਟਰੇਸ਼ਨ, ਐਜੂਕੇਸ਼ਨ ਪਾਲਸੀ ਰਿਜ਼ਨਲ ਪ੍ਰਧਾਨਾਂ ਦੀ ਕਾਰਗੁਜਾਰੀ, ਲੁਬਾਣਾ ਫਾਉਂਡੇਸ਼ਨ ਦੇ ਨਵੇਂ ਮੈਂਬਰਾਂ ਦੀ ਮਨਜੂਰੀ, ਔਨੋਰੇਰੀਅਮ ਸਟਾਫ ਅਤੇ ਭੱਤੇ ਲਈ ਵਾਧਾ, ਦੀਵਾਲੀ ਗਿਫਟ ਦੀ ਮਨਜੂਰੀ। ਬੀ.ਐਮ.ਐਸ.ਐਲ. ਭਵਨ ਦੇ ਗਰਾਉਂਡ ਰੈਂਟ ਬਾਰੇ ਸੋ-ਕਾਜ਼ ਨੋਟਿਸ ਬਾਰੇ ਚਰਚਾ ਜੋ ਕਿ ਅਸਟੇਟ ਆਫਿਸ ਚੰਡੀਗੜ੍ਹ ਵੱਲੋਂ ਪ੍ਰਾਪਤ ਹੋਇਆ ਸੀ। ਗੁਰੂ ਲਾਧੋ ਰੇ ਦਿਵਸ ਜੋ ਮਨਾਇਆ ਗਿਆ ਬਾਰੇ ਜਾਣਕਾਰੀ, ਮਨੀਸ਼ ਕੁਮਾਰ, ਕੇਅਰ ਟੇਕਰ ਵੱਲੋਂ ਪੈਸੇ ਦੀ ਵੱਡੀ ਹੇਰਾ-ਫੇਰੀ ਦੇ ਸਬੰਧ ਵਿਚ ਐਫ.ਸੀ.ਆਰ.ਏ. ਦੀ ਪੈਰਵਾਈ ਬਾਰੇ ਚਰਚਾ ਅਤੇ ਜਨਰਲ ਸਕੱਤਰ ਮੇਜਰ ਨਰੰਜਨ ਸਿੰਘ ਮੁਲਤਾਨੀ ਦੇ ਵਿਦੇਸ਼ ਜਾਣ ਉਪਰੰਤ ਯੋਗ ਜਨਰਲ ਸਕੱਤਰ ਦੀ ਨਿਯੁਕਤੀ ਬਾਰੇ ਪ੍ਰਧਾਨ ਜੀ ਵੱਲੋਂ ਚਰਚਾ ਇਤਿਆਦਿ। ਉਪਰੰਤ ਪ੍ਰਧਾਨ ਜੀ ਦਾ ਧੰਨਵਾਦ ਕਰਦੇ ਹੋਏ ਮੀਟਿੰਗ ਦੀ ਸਮਾਪਤੀ ਕੀਤੀ ਗਈ।

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

## ਮੁੱਢਲੀ ਸਿੱਖਿਆ

ਇਸ ਸਕੂਲ ਵਿੱਚ ਪੰਡਤ ਮੁਕੰਦ ਲਾਲ ਜੀ ਵੀ ਇਕ ਮਾਸਟਰ ਸਨ। ਉਹ ਲੱਤਾਂ ਤੋਂ ਅਪਾਹਿਜ ਹੋਣ ਕਰਕੇ ਚਲ ਫਿਰ ਨਹੀਂ ਸਕਦੇ ਸਨ ਅਤੇ ਕੋਈ ਸੇਵਾਦਾਰ ਆਪਣੀ ਪਿੱਠ ਤੇ ਚੁੱਕ ਕੇ ਉਨ੍ਹਾਂ ਨੂੰ ਸਕੂਲ ਛੱਡ ਜਾਂਦਾ ਸੀ। ਸਕੂਲ ਵਿੱਚ ਉਨ੍ਹਾਂ ਦੀ ਸੋਟੀ ਤੋਂ ਸਾਰੇ ਡਰਦੇ ਸਨ। ਉਹ ਪੰਜਾਬੀ ਭਾਸ਼ਾ ਦੇ ਕਵੀ ਸਨ ਅਤੇ ਸਮਾਜ ਸੁਧਾਰ ਨਗਰ ਜਲੂਸਾਂ ਵਿੱਚ ਬੱਚੇ ਉਨ੍ਹਾਂ ਦੀਆਂ ਕਵਿਤਾਵਾਂ ਮਿਲ ਕੇ ਗਾਉਂਦੇ ਸਨ। ਸਕੂਲ ਦੀਆਂ ਚਾਬੀਆਂ ਅਤੇ ਘੰਟੀ ਵੀ ਉਨ੍ਹਾਂ ਕੋਲ ਹੀ ਹੁੰਦੀ ਸੀ। ਪਿੰਡ ਵਿੱਚ ਪੰਡਿਤ ਜੀ ਦੀ ਪੂਰੀ ਮਾਨਤਾ ਸੀ। ਸਾਰੇ ਪਿੰਡ ਵਾਲੇ ਆਪਣੇ ਪਰਿਵਾਰਿਕ ਕਾਰਜਾਂ ਲਈ ਉਨ੍ਹਾਂ ਤੋਂ ਪੁੱਛ ਕੇ ਚਲਦੇ ਸਨ। ਧਾਰਮਿਕ ਸਮਾਗਮਾਂ ਵੇਲੇ ਪੂਜਾ ਪਾਠ ਵੀ ਕਰ ਲੈਂਦੇ ਸਨ। ਜਿਸ ਲਈ ਦਛਨਾਂ ਨੂੰ ਨਾਂਹ ਨਹੀਂ ਸਨ ਕਰਦੇ। ਇਸ ਸਕੂਲ ਵਿੱਚ ਪੜ੍ਹ ਕੇ ਵਿਦਿਆਰਥੀ ਗਣਿਤ ਵਿਸ਼ੇ ਅਤੇ ਉਰਦੂ ਭਾਸ਼ਾ ਦੀ ਮਜ਼ਬੂਤ ਨੀਂਹ ਬੱਝਣ ਨਾਲ ਵੱਡੀਆਂ ਕਲਾਸਾਂ ਦੀ ਪੜ੍ਹਾਈ ਲਈ ਆਪਣੇ ਆਪ ਨੂੰ ਹਰ ਤਰ੍ਹਾਂ ਨਾਲ ਸਮਰੱਥ ਅਨੁਭਵ ਕਰਦੇ।

ਪਿੰਡ ਦੇ ਸਕੂਲ ਦੀਆਂ ਸਾਰੀਆਂ ਛੇ ਜਮਾਤਾਂ ਦੀ ਪੜ੍ਹਾਈ ਖਤਮ ਕਰਨ ਤੇ ਮੇਰੇ ਪਿਤਾ ਜੀ ਨੇ ਇਹ ਕਹਿਕੇ ਕਿ ਛੇ ਜਮਾਤਾਂ ਬਹੁਤ ਹਨ ਅੱਗੇ ਸਕੂਲ ਜਾਣ ਤੋਂ ਮਨ੍ਹਾਂ ਕਰ ਦਿੱਤਾ। ਮੇਰੇ ਨਾਲ ਦੇ ਬੱਚੇ ਤਾਂ ਅੱਗੇ ਪੜ੍ਹਨ ਲਈ ਪਿੰਡ ਤੋਂ ਕੁਝ ਦੂਰ ਇਕ ਸਕੂਲ ਵਿੱਚ ਦਾਖਲ ਹੋ ਗਏ। ਮੇਰਾ ਵੀ ਅੱਗੇ ਪੜ੍ਹਨ ਨੂੰ ਜੀ ਕਰਦਾ ਸੀ। ਇਸ ਗੱਲ ਵਿੱਚ ਮੇਰੇ ਮਾਤਾ ਜੀ ਮੇਰੇ ਨਾਲ ਸਨ। ਪਿੰਡ ਦੇ ਸਕੂਲ ਦੇ ਮਾਸਟਰ ਜੀ ਨੇ ਵੀ ਮੇਰੇ ਪਿਤਾ ਜੀ ਕੋਲ ਮੇਰੀ ਸਿਫਾਰਿਸ਼ ਕਰਦੇ ਹੋਏ ਕਿਹਾ ਕਿ ਤੁਹਾਡਾ ਬੇਟਾ ਪੜ੍ਹਨ ਨੂੰ ਹੁਸ਼ਿਆਰ ਹੈ। ਇਸ ਨੂੰ ਅੱਗੇ ਜ਼ਰੂਰ ਪੜ੍ਹਾਉ। ਆਖਰ ਪਿਤਾ ਜੀ ਸਹਿਮਤ ਹੋ ਗਏ ਅਤੇ ਮੈਂ ਵੀ ਪਿੰਡ ਦੇ ਦੂਜੇ ਬੱਚਿਆਂ ਨਾਲ ਸੱਤਵੀਂ ਜਮਾਤ ਵਿੱਚ ਦਾਖਲਾ ਲੈ ਲਿਆ।

ਅੱਠਵੀਂ ਕਲਾਸ ਤੱਕ ਦਾ ਇਹ ਸਰਕਾਰੀ ਮਿਡਲ ਸਕੂਲ ਤਲਵੰਡੀ ਭਿੰਡਰਾਂ ਸਾਡੇ ਪਿੰਡ ਤੋਂ ਕੋਈ 5 ਮੀਲ ਦੂਰ ਸੀ। ਅਸੀਂ ਆਪਣੇ ਪਿੰਡ ਦੇ ਤਿੰਨ ਬੱਚੇ ਹਰ ਰੋਜ਼ ਇਕੱਠੇ ਪੈਦਲ ਇਸ ਸਕੂਲ ਵਿੱਚ ਪੜ੍ਹਨ ਜਾਇਆ ਕਰਦੇ ਸੀ। ਇਸ ਸਕੂਲ ਵਿੱਚ ਵੀ ਅੰਗਰੇਜ਼ੀ ਦੀ ਕੋਈ ਪੜ੍ਹਾਈ ਨਹੀਂ ਸੀ ਕਰਾਈ ਜਾਂਦੀ।

ਸਕੂਲ ਦੇ ਹੈੱਡ ਮਾਸਟਰ ਸੁੰਦਰ ਦਾਸ ਜੀ ਸਕੂਲ ਵਿੱਚ ਹੀ ਰਹਿੰਦੇ ਸਨ। ਹਰ ਸੋਮਵਾਰ ਆਪਣੇ ਘਰ ਬਦੋਮਲ੍ਹੀ ਤੋਂ 18 ਮੀਲ ਸਾਈਕਲ ਚਲਾ ਕੇ ਆਇਆ ਕਰਦੇ ਸਨ। ਛੋਟੇ ਕੱਦ ਦੇ ਹੈੱਡਮਾਸਟਰ ਸਾਹਿਬ ਸਿਰ 'ਤੇ ਪਗੜੀ ਬੰਨ੍ਹਦੇ ਸਨ। ਸਾਈਕਲ ਦੀ ਉੱਚੀ ਕਾਠੀ ਤੋਂ ਡਿੱਗਣ ਦੇ ਡਰ ਨਾਲ ਪਿਛੇ ਕੈਰੀਅਰ ਤੇ ਬੈਠ ਕੇ ਪੈਡਲ ਮਾਰਦੇ ਆਇਆ ਕਰਦੇ ਸਨ। ਗਣਿਤ ਦੇ ਬੜੇ ਮਾਹਿਰ ਸਨ। ਅੱਠਵੀਂ ਦੀ ਬੋਰਡ ਦੀ ਵਾਰਸ਼ਿਕ ਪ੍ਰੀਖਿਆ ਦੇ ਲਾਗਲੇ ਮਹੀਨਿਆਂ ਵਿੱਚ ਤਿਆਰੀ ਕਰਵਾਉਣ ਲਈ ਸਾਰੀ ਕਲਾਸ ਨੂੰ ਆਪਣੇ ਕੋਲ ਸਕੂਲ ਵਿੱਚ ਰੱਖਦੇ ਸਨ। ਰਾਤ ਨੂੰ ਛੱਤ ਨਾਲ ਟੰਗੇ ਸ਼ੀਸ਼ੇ ਦੇ ਲੈਂਪ ਦੇ ਦੁਆਲੇ ਸਾਡੇ ਨਾਲ ਬੈਠ ਕੇ ਪੜ੍ਹਾਇਆ ਕਰਦੇ। ਸਾਡੇ ਕੋਲ ਹੀ ਮੰਜਾ ਡਾਹ ਕੇ ਸੌਂਦੇ। ਸਵੇਰੇ ਸਭ ਤੋਂ ਪਹਿਲਾਂ ਉਠ ਕੇ, 'ਉਠ ਜਾਗ ਮੁਸਾਫਰ ਭੋਰ ਭਈ–ਅਬ ਰੈਨ ਕਹਾਂ ਜੋ ਸੋਵਤ ਹੈ' ਭਜਨ ਗਾ ਕੇ ਅਤੇ ਨਾਮ ਲੈ ਲੈ ਕੇ ਵਾਜਾਂ ਮਾਰ ਮਾਰ ਪੜ੍ਹਾਈ ਲਈ ਉਠਾਇਆ ਕਰਦੇ ਸਨ। ਉਨ੍ਹਾਂ ਦੇ ਭਜਨ ਦੇ ਸ਼ਬਦ ਅਜੇ ਵੀ ਕਦੀ ਕਦੀ ਉਨ੍ਹਾਂ ਦੀ ਯਾਦ ਆਉਣ ਤੇ ਕੰਨਾਂ ਵਿੱਚ ਗੂੰਜਦੇ ਹਨ। ਉਨ੍ਹਾਂ ਦੇ ਬੀਮਾਰ ਹੋਣ ਤੇ ਬੱਚੇ 18 ਮੀਲ ਪੈਦਲ ਚਲ ਕੇ ਉਨ੍ਹਾਂ ਦਾ ਹਾਲ ਪੁੱਛਣ ਗਏ। ਉਸ ਸਕੂਲ ਵਿੱਚ ਖੁਸ਼ਖਤੀ ਤੇ ਬੜਾ ਜ਼ੋਰ ਦਿੱਤਾ ਜਾਂਦਾ ਸੀ। ਅੱਠਵੀਂ ਕਲਾਸ ਦੀ ਬੋਰਡ ਦੀ ਪ੍ਰੀਖਿਆ ਲਈ ਤਹਿਸੀਲ ਦੇ ਸਾਰੇ ਸਕੂਲਾਂ ਦਾ ਸੈਂਟਰ ਤਹਿਸੀਲ ਹੈੱਡਕੁਆਰਟਰ ਨਾਰੋਵਾਲ ਵਿਖੇ ਬਣਿਆ ਸੀ। ਮੈਨੂੰ ਯਾਦ ਹੈ ਕਿ ਸੈਂਟਰ ਵਿਖੇ ਲਾਲ ਅਤੇ ਨੀਲੇ ਰੰਗ ਦੀ ਸਿਹਾਈ ਅਤੇ ਕਾਨੇ ਦੀ ਕਲਮ ਨਾਲ ਲਿਖਦੇ ਮੇਰੇ ਪੇਪਰ ਨੂੰ ਸੁਪਰਵਾਈਜ਼ਰ ਆ ਕੇ ਵੇਖਦੇ ਹੁੰਦੇ ਸਨ। ਸਕੂਲ ਦੇ ਅਹਿਸਾਨਮੰਦ ਹਾਂ ਜਿਸ ਦੇ ਸਟਾਫ ਦੀ ਮਿਹਨਤ ਸਦਕਾ ਸਾਰੇ ਬੱਚੇ ਚੰਗੇ ਨੰਬਰ ਲੈ ਕੇ ਪਾਸ ਹੋਏ ਅਤੇ ਮੈਂ ਤਹਿਸੀਲ ਵਿੱਚੋਂ ਫਸਟ ਆਇਆ ਤੇ ਵਜ਼ੀਫਾ ਪ੍ਰਾਪਤ ਕੀਤਾ।

## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਅਰਦਾਸ ਕੀ ਹੈ?

ਜਸਵੰਤ ਸਿੰਘ ਨੇਕੀ



ਅਰਦਾਸ ਬੋਲਾਂ ਦੀ ਨਹੀਂ, ਆਤਮਾ ਦੀ ਬਿਹਬਲਤਾ ਹੈ। ਇਸ ਦੀ ਆਵਾਜ਼ ਮਨ ਦੀਆਂ ਗਹਿਰਾਈਆਂ 'ਚੋਂ ਉਠਦੀ ਹੈ। ਆਕਾਸ਼ ਤੱਕ ਇਸ ਦੀ ਰਸਾਈ ਹੈ। ਜਿਹੜੀ ਪੁਕਾਰ ਕੇਵਲ ਕੰਠ ਵਿਚੋਂ ਉਠੇ, ਉਹ ਤਾਂ ਛਤ ਤੀਕਰ ਵੀ ਨਹੀਂ ਅੱਪੜ ਸਕਦੀ। ਆਕਾਸ਼ ਤੀਕਰ ਤਾਂ ਆਤਮਾ ਦੀ ਬਿਹਬਲਤਾ ਹੀ ਪਹੁੰਚਦੀ ਹੈ। ਅਰਦਾਸ ਸ਼ਬਦਾਂ ਦਾ ਚਮਤਕਾਰ ਨਹੀਂ। ਗੱਲਾਂ ਨਾਲ ਤਾਂ ਖਸਮ ਰੀਝਦਾ ਨਹੀਂ। ਅਰਦਾਸ ਤਾਂ ਰੂਹ ਦਾ ਗੀਤ ਹੈ, ਜੋ ਗੀਤ ਵਾਂਗ ਹੀ ਸ਼ਬਦਾਂ ਦੀ ਮੁਥਾਜੀ ਤੋਂ ਮੁਕਤ ਹੈ। ਇਹ ਤਾਂ ਧੁਰ ਅੰਦਰੋਂ ਉਠੀ ਦੁਹਾਈ ਹੈ ਜੋ ਬਿਰਹੇ ਵਾਂਗ ਜਾਗਦੀ ਤੇ ਦਾਤਾਰ ਮਾਲਕ ਦੀ ਮੇਹਰ-ਆਂਦਰਾਂ ਨੂੰ ਧੂਹ ਜਾ ਪਾਂਦੀ ਹੈ। ਇਹ ਕਾਇਆ ਦੀ ਡੰਡੌਤ ਨਹੀਂ, ਆਤਮਾ ਦਾ ਸਿਜਦਾ ਹੈ। ਜੁੜੇ ਹੱਥ ਅਤੇ ਝੁਕਿਆ ਸੀਸ ਤਾਂ ਅੰਦਰਲੇ ਸਮਰਪਨ ਦੇ ਬਾਹਰੀ ਚਿੰਨ੍ਹ ਹਨ। ਜੇਕਰ ਅਸਾਂ ਰਿਦਾ ਨਹੀਂ ਅਰਪਿਆ, ਤਾਂ ਸੀਸ ਨਿਵਾਉਣ ਦਾ ਕੋਈ ਅਰਥ ਨਹੀਂ।

ਦੀਰਘ ਦ੍ਰਿਸ਼ਟੀ ਨਾਲ ਵੇਖੀਏ ਤਾਂ ਮਨੁੱਖ ਦਾ ਇਤਿਹਾਸ ਸੁਧਾ ਅਰਦਾਸ ਦਾ ਇਤਿਹਾਸ ਬਣ ਨਿਤਰਦਾ ਹੈ। ਜੋ ਇਤਿਹਾਸ ਆਮ ਪੜ੍ਹਾਇਆ ਜਾਂਦਾ ਹੈ ਉਹ ਤਾਂ ਬੱਸ ਰਾਜਿਆਂ-ਮਹਾਰਾਜਿਆਂ, ਹਾਕਮਾਂ-ਹੁਕਮਰਾਨਾਂ, ਜਾਬਰਾਂ-ਜਰਵਾਣਿਆਂ, ਧਾੜਵੀਆਂ-ਹਮਲਾਵਰਾਂ, ਵਿਦ੍ਰੋਹੀਆਂ-ਗ਼ੱਦਾਰਾਂ ਦੀਆਂ ਦਾਸਤਾਨਾਂ ਹੀ ਦੱਸਦਾ ਹੈ। ਉਨ੍ਹਾਂ ਅਨਗਿਣਤ ਲੋਕਾਂ ਬਾਰੇ ਕੱਖ ਨਹੀਂ ਦੱਸਦਾ ਜੋ ਇਹਨਾਂ ਸਬਨਾਂ ਦੇ ਜ਼ਬਰ ਦਾ ਸ਼ਿਕਾਰ ਬਣੇ। ਕੀਰਨੇ ਪਾਂਦੀ ਦੁਖੀ ਲੋਕਾਈ ਬਾਰੇ ਇਹ ਇਕ ਅੱਖਰ ਨਹੀਂ ਬੋਲਦਾ। ਇਤਿਹਾਸ ਦੀ ਇਸ ਨਿਰਦਈ ਖ਼ਾਮੋਸ਼ੀ ਦੇ ਬਾਵਜੂਦ ਅਸੀਂ ਨਿਰਸੰਦੇਹ ਆਖ ਸਕਦੇ ਹਾਂ ਕਿ ਸੋਗਵਾਨ ਹਿਰਦੇ ਅਵੱਸ਼ ਕਿਸੇ ਰੱਬ ਅੱਗੇ ਚਿਚਲਾਏ ਹੋਣਗੇ। ਉਸ ਦੇ ਨਾਮ ਦੇ ਉਹਨਾਂ ਕੀਰਨੇ ਪਾਏ ਹੋਣਗੇ। ਸਹਾਇਤਾ ਲਈ ਪੁਕਾਰ ਕੀਤੀ ਹੋਵੇਗੀ। ਉਨ੍ਹਾਂ ਦੇ ਆਤਰ ਬੋਲ ਅਰਦਾਸ ਹੀ ਤਾਂ ਸਨ। ਇੰਞ ਵੇਖੀਏ ਤਾਂ ਮਨੁੱਖੀ ਇਤਿਹਾਸ ਸਾਂਗੋ ਪਾਂਗ ਅਰਦਾਸ ਦਾ ਇਤਿਹਾਸ ਹੋ ਦਿੱਸਦਾ ਹੈ। ਅਰਦਾਸ ਵਿਚ ਜੁੜਿਆ ਮਨ, ਇਸੇ ਲਈ, ਇਕੱਲਾ ਨਹੀਂ ਹੁੰਦਾ। ਉਹ ਤਾਂ ਮਾਨਵ-ਪੀੜਾ ਦੇ ਸਮੁੱਚੇ ਇਤਿਹਾਸ ਨਾਲ ਜੁੜਿਆ ਹੁੰਦਾ ਹੈ। ਅਰਦਾਸ ਦੀ ਗੋਦੀ ਵਿਚ ਤਾਂ ਸਮਸਤ ਦੁਖੀ ਮਨੁੱਖਤਾ ਦੀ ਭਾਵੁਕ ਇਕਮੁੱਠਤਾ ਦਿਸ ਆਉਂਦੀ ਹੈ।

ਅਸੀਂ ਸਾਰੇ ਦੁਖਾਂ-ਦਰਦਾਂ ਮਾਰੇ ਹਾਂ। ਲਾਚਾਰੀਆਂ ਸਾਡੀਆਂ ਵੱਡੀਆਂ ਹਨ, ਬਲ ਸਾਡਾ ਨਿਗੂਣਾ। ਹੋਂਦ ਸਾਡੀ ਅਵਿਰਲ ਤ੍ਰੁੱਟੀਆਂ ਦੀ ਵਿਥਿਆ ਹੈ। ਹਰ ਪਲ ਅਸੀਂ ਕਿਸੇ ਬਲਵਾਨ ਆਸਰੇ ਦੇ ਮੁਤਲਾਸ਼ੀ

ਕਹਿੰਦੇ ਹਨ, ਇਕ ਚਰਵਾਹਾ ਜੰਗਲ ਵਿਚ ਭੇਡਾਂ ਬੱਕਰੀਆਂ ਚਾਰ ਰਿਹਾ ਸੀ। ਇੱਜੜ ਨੂੰ ਘਾਹ ਤੇ ਚਰਦਿਆਂ ਛੋੜ, ਆਪ ਇਕ ਪਾਸੇ ਇਕ ਬਿਰਖ ਦੀ ਛਾਵੇਂ ਬਹਿ ਗਿਆ ਤੇ ਡੂੰਘੀਆਂ ਸੋਚਾਂ ਵਿਚ ਗੜੂੰਦ ਹੋ ਗਿਆ। ਸੋਚੀਂ ਡੁੱਬੇ ਦੇ ਚਿਹਰੇ ਤੇ ਇਕ ਭਾਅ ਚਮਕਣ ਲੱਗੀ। ਉਸ ਦੇ ਬੁਲ੍ਹ ਫਰਕੇ ਤੇ ਉਹ ਕਹਿਣ ਲੱਗਾ, "ਹੇ ਰੱਬਾ! ਜੇਕਰ ਤੂੰ ਮੈਨੂੰ ਮਿਲ ਪਵੇਂ ਤਾਂ ਮੈਂ ਤੈਨੂੰ ਆਪਣੀਆਂ ਬੱਕਰੀਆਂ ਦਾ ਤਾਜ਼ਾ ਦੁੱਧ ਪਿਆਵਾਂ; ਤੇਰੇ ਕੱਪੜੇ ਧੋ ਦਿਆਂ; ਦਹੀਂ ਮਲ ਕੇ ਤੈਨੂੰ ਨੁਹਾਵਾਂ ਤੇ ਤੇਰੀ ਸਾਰੀ ਮੈਲ ਲਾਹ ਦਿਆਂ।"

ਇਤਫ਼ਾਕ ਨਾਲ ਹਜ਼ਰਤ ਮੂਸਾ ਓਧਰ ਦੀ ਲੰਘ ਰਹੇ ਸਨ। ਚਰਵਾਹੇ ਦੇ ਬੋਲ ਉਨ੍ਹਾਂ ਦੇ ਕੰਨੀਂ ਵੀ ਆਣ ਪਏ। ਰੱਬ ਦਾ ਅਜਿਹਾ ਹਾਸੋਹੀਣਾ ਚਿਤ੍ਰ ਸੁਣ ਕੇ ਉਹ ਕ੍ਰੋਧ ਵਿਚ ਆ ਗਏ। ਚਰਵਾਹੇ ਨੂੰ ਮੋਢਿਓਂ ਝੰਜੋੜ ਕੇ ਬੋਲੇ, "ਓ ਮੂਰਖਾ! ਤੂੰ ਰੱਬ ਨੂੰ ਕੀ ਜਾਤਾ ਹੈ? ਉਹ ਕੁਲ ਜਹਾਨਾਂ ਦਾ ਮਾਲਕ ਹੈ। ਤੇਰੇ ਬਾਕਰੇ ਦੁੱਧ ਦੀ ਉਸ ਨੂੰ ਕੀ ਪ੍ਰਵਾਹ ਪਈ ਹੈ? ਉਹ ਸਾਰੀ ਦੁਨੀਆਂ ਦੀ ਮੈਲ ਕੱਟਣ ਵਾਲਾ ਹੈ, ਤੂੰ ਉਸ ਦੀ ਮੈਲ ਕੱਟਣ ਨੂੰ ਫਿਰਦਾ ਹੈਂ? ਤੂੰ ਰੱਬ ਦੇ ਹਜ਼ੂਰ ਵਿਚ ਗੁਸਤਾਖ਼ੀ ਦੇ ਬਚਨ ਬੋਲੇ ਹਨ।"

ਕਹਿੰਦੇ ਹਨ, ਉਸ ਵੇਲੇ ਆਕਾਸ਼ ਬਾਣੀ ਹੋਈ : "ਮੂਸਾ! ਤੂੰ ਸੰਸਾਰ ਵਿਚ ਮਿਲਾਪ ਕਰਾਉਣ ਲਈ ਆਇਆ ਸੈਂ ਕਿ ਵਿਛੋੜੇ ਪਾਉਣ ਲਈ? ਤੂੰ ਮੇਰੇ ਭਗਤ ਨੂੰ ਮੈਥੋਂ ਵਿਛੋੜ ਦਿੱਤਾ ਹੈ। ਤੂੰ ਉਸ ਦੇ ਬੋਲਾਂ ਵਿਚ ਉਲਝ ਕੇ ਰਹਿ ਗਿਆ, ਉਸ ਦੀ ਭਾਵਨਾ ਨੂੰ ਨਹੀਂ ਸਮਝ ਸਕਿਆ। ਗੁਸਤਾਖ਼ੀ ਉਸ ਨੇ ਨਹੀਂ, ਤੂੰ ਕੀਤੀ ਹੈ।"

ਮੂਸਾ ਦੀਆਂ ਅੱਖਾਂ ਝੁਕ ਗਈਆਂ। ਉਸ ਨੂੰ ਸਮਝ ਆ ਗਈ ਕਿ ਰੱਬ ਦਾ ਨੂਰ ਕੇਵਲ ਕੋਹਿ ਤੂਰ ਦੀਆਂ ਚੋਟੀਆਂ ਉਤੇ ਹੀ ਨਜ਼ਰ ਨਹੀਂ ਆਉਂਦਾ, ਭਾਵਨਾ ਨਾਲ ਕੀਤੀ ਅਰਦਾਸ ਦੇ ਬੋਲ ਨਾਲ ਮਨ ਦੀਆਂ ਡੂੰਘਾਣਾਂ 'ਚੋਂ ਵੀ ਪ੍ਰਗਟ ਆਣ ਹੁੰਦਾ ਹੈ।

ਹਾਂ। ਲਾਚਾਰਗੀ ਦੀ ਭੋਇੰ ਤੋਂ ਜਦ ਵੀ ਅਸੀਂ ਕਿਸੇ ਕਲਾਵਾਨ ਆਸਰੇ ਨੂੰ ਹਾਕ ਮਾਰਦੇ ਹਾਂ ਤਾਂ ਅਰਦਾਸ ਕਰ ਰਹੇ ਹੁੰਦੇ ਹਾਂ। ਅਰਦਾਸ ਤਾਂ ਹੈ ਹੀ ਪਰਮ ਸੱਤਾ ਨੂੰ ਆਪਣੀਆਂ ਲੋੜਾਂ-ਥੋੜਾਂ ਵਿਚ ਪ੍ਰਵੇਸ਼ ਕਰਨ ਦਾ ਸੱਦਾ ਦੇਣਾ। ਜਿਸ ਨੇ ਆਪ ਸਾਨੂੰ ਘੜਿਆ ਹੈ, ਸਾਡੀ ਨਿਰਬਲਤਾ ਦਾ ਉਸ ਤੋਂ ਵੱਧ ਕੌਣ ਜਾਣੂ ਹੈ? ਤਦੇ ਤਾਂ ਸਾਡੀ ਬੇਵੱਸ ਮਿੱਟੀ ਨੂੰ ਉਸ ਨੇ ਪੁਕਾਰ ਕਰਨ ਦਾ ਉਚੇਚਾ ਹੱਕ ਦੇ ਰੱਖਿਆ ਹੈ। ਉਸ ਨੂੰ ਪੁਕਾਰਨ ਦੇ ਇਸ ਹੱਕ ਦਾ ਨਾਮ ਹੀ ਅਰਦਾਸ ਹੈ। ਜਦ ਵੀ ਕੋਈ ਵਿਆਕੁਲ ਆਤਮਾ, "ਹੇ ਮੇਰੇ ਪਿਤਾ!" ਦੀ ਪੁਕਾਰ ਕਰਦੀ ਹੈ, "ਹਾਂ ਮੇਰੇ ਬੱਚੇ!" ਦਾ ਪਿਆਰ-ਹੁੰਗਾਰਾ ਉਸ ਨੂੰ ਅਵੱਸ਼ ਪ੍ਰਾਪਤ ਹੁੰਦਾ ਹੈ।

ਕੁਝ ਵਿਦਵਾਨਾਂ ਅਨੁਸਾਰ 'ਅਰਦਾਸ' ਸ਼ਬਦ ਫ਼ਾਰਸੀ ਦੇ 'ਅਰਜ਼ਦਾਸ਼ਤ' ਦਾ ਸੰਖੇਪਿਆ ਰੂਪ ਹੈ। 'ਅਰਜ਼' ਦੇ ਅਰਥ ਹਨ ਬੇਨਤੀ; ਦਾਸ਼ਤ (ਨ) ਦੇ ਅਰਥ ਹਨ ਰੱਖਣਾ ਯਾ ਪੇਸ਼ ਕਰਨਾ। ਇਉਂ ਅਰਜ਼ਦਾਸ਼ਤ (ਅਥਵਾ ਅਰਦਾਸ) ਦਾ ਅਰਥ ਹੋਇਆ ਕਿਸੇ ਅੱਗੇ ਆਪਣੀ ਬੇਨਤੀ ਰੱਖਣੀ। ਹੋਰ ਕੁਝ ਵਿਦਵਾਨਾਂ ਨੇ ਇਸ ਸ਼ਬਦ ਨੂੰ ਫ਼ਾਰਸੀ ਦੀ ਬਜਾਏ ਸੰਸਕ੍ਰਿਤ ਵਿਚੋਂ ਆਇਆ ਮੰਨਿਆ ਹੈ। ਉਨ੍ਹਾਂ ਦੇ ਮਨ ਅਨੁਸਾਰ ਇਹ 'ਅਰ੍ਦੰ' (=ਮੰਗਣਾ) ਤੇ 'ਆਸ' (=ਮੁਰਾਦ) ਦੀ ਸੰਧੀ ਤੋਂ ਬਣਿਆ ਹੈ, ਤੇ ਇਸ ਦਾ ਅਰਥ ਹੈ ਮੁਰਾਦ ਮੰਗਣ ਦੀ ਕਿਰਿਆ। ਇਹ ਸ਼ਬਦ ਭਾਵੇਂ ਫ਼ਾਰਸੀ 'ਚੋਂ ਆਇਆ ਹੈ, ਭਾਵੇਂ ਸੰਸਕ੍ਰਿਤ ਵਿਚੋਂ, ਗੁਰਮਤਿ ਵਿਚ ਇਸ ਨੇ ਉਚੇਚੇ ਅਰਥ ਧਾਰਨ ਕਰ ਲਏ ਹਨ। ਸਿੱਖ ਇਤਿਹਾਸ ਵਿਚ 'ਅਰਦਾਸ' ਪੰਥ ਦੀ ਸਾਮੂਹਕ ਚੇਤਨਾ ਵਿਚੋਂ ਉਪਜਿਆ ਉਹ ਵਿਸ਼ੇਸ਼ ਬੇਨਤੀ-ਨਾਮਾ ਹੈ ਜਿਸ ਰਾਹੀਂ ਪੰਥ ਦੀਆਂ ਸਮੂਹਕ ਆਕਾਂਖਿਆਵਾਂ ਤੇ ਉਸ ਦੇ ਜੀਆਂ ਦੀਆਂ ਵਿਅਕਤੀਗਤ ਜੋਦੜੀਆਂ ਨੂੰ ਦਾਤਾਰ ਵਾਹਿਗੁਰੂ ਅੱਗੇ ਪੇਸ਼ ਕਰਕੇ ਉਸ ਦੇ ਭਾਣੇ ਵਿਚ ਸਰਬੱਤ ਦਾ ਭਲਾ ਮੰਗਿਆ ਜਾਂਦਾ ਹੈ।

ਕੁਝ ਵਿਦਵਾਨਾਂ ਨੇ ਅਰਦਾਸ ਦਾ ਅੱਖਰੀ ਵਿਵੇਚਨ ਵੀ ਕੀਤਾ ਹੈ। ਉਹ ਇਸ ਪ੍ਰਕਾਰ ਹੈ:

ਅ = ਅੰਤਰਜਾਮੀ ਜੋ ਸਾਡੇ ਅੰਦਰ ਬੈਠਾ ਘਟ ਘਟ ਦੀਆਂ ਜਾਣਦਾ ਹੈ।

ਰ = ਰਾਖਾ ਜਾਂ ਰਖਵਾਲਾ।

ਦ = ਦਾਤਾਰ ਜੋ ਸਭਨਾਂ ਜੀਆਂ ਨੂੰ ਅਣਮੰਗਿਆ ਦਾਨ ਦੇਂਦਾ ਹੈ।

ਸ = ਸਹਾਰਾ, ਆਸਰਾ ਜਾਂ ਓਟ।

ਇਸ ਵਿਵੇਚਨ ਅਨੁਸਾਰ 'ਅਰਦਾਸ' ਉਸ 'ਅੰਤਰਜਾਮੀ', ਸਰਬੱਤ ਦੇ 'ਰਖਵਾਲੇ' 'ਦਾਤਾਰ' ਪ੍ਰਭੂ ਦਾ 'ਸਹਾਰਾ' ਭਾਲਣਾ ਹੈ।

ਅਰਦਾਸ, ਭਾਵਨਾ ਭਰੀ ਅਰਾਧਨਾ ਦਾ ਮੁੱਖ ਸਾਧਨ ਹੈ। ਇਹੀ ਉਹ ਦਸਤਕ ਹੈ ਜਿਸ ਨਾਲ ਦਰਗਾਹ ਦਾ ਦਰਵਾਜ਼ਾ ਖੁਲ੍ਹਦਾ ਹੈ। ਏਹੋ ਉਹ ਕੁੰਜੀ ਹੈ ਜਿਸ ਨਾਲ ਮਨ ਦਾ ਤਾਕ ਉਘੜਦਾ ਹੈ। ਜਿਸ ਦੀ ਅਰਦਾਸ ਪੁੱਗ ਜਾਂਦੀ ਹੈ ਓਹੀ ਜਾਣਦਾ ਹੈ ਕਿ ਮਨ ਦਾ ਤਾਕ ਤੇ ਦਰਗਾਹ ਦਾ ਦੁਆਰ ਦਰਅਸਲ ਇਕੋ ਵਸਤ ਹਨ।

ਲੋੜਾਂ ਮਾਰੇ ਅਸੀਂ ਸਦਾ ਲੋੜਾਂ-ਥੋੜਾਂ ਦੀ ਪੂਰਤੀ ਲਈ ਅਰਦਾਸ ਕਰਦੇ ਆਏ ਹਾਂ। ਇਸ ਤਰ੍ਹਾਂ ਦੀਆਂ ਪ੍ਰਾਰਥਨਾਵਾਂ ਅਰਦਾਸ ਦਾ ਮੁੱਢ ਹੀ ਬਣਦੀਆਂ ਹਨ, ਉਸ ਦਾ ਓੜਕ ਨਹੀਂ ਮਿਥਦੀਆਂ। ਉਚੀ ਅਰਦਾਸ ਤਾਂ ਆਤਮਕ ਪਰਿਪੂਰਨਤਾ ਲਈ ਉਠੀ ਵਿਲਕਣੀ ਹੁੰਦੀ ਹੈ। ਐਸੀ ਅਰਦਾਸ ਸਿਦਕ ਦੀਆਂ ਬਾਹਾਂ ਅੱਡ, ਭਾਵਨਾ ਨਾਲ ਪ੍ਰੀਤਮ ਦੀ ਉਡੀਕ ਕਰਦੀ ਹੈ। ਅਸਲ ਅਰਦਾਸ ਤਾਂ ਆਪਣੀ ਬਿਹਬਲ ਆਤਮਾ ਨੂੰ ਵਾਹਿਗੁਰੂ ਜੀ ਅੱਗੇ ਨੰਗਿਆ ਕਰਨਾ ਹੈ। ਇਹ ਵਿਆਕੁਲ ਮਨਾਂ ਦੀ ਪੁਕਾਰ ਹੀ ਨਹੀਂ, ਮਾਯੂਸ ਦਿਲਾਂ ਦਾ ਸਹਾਰਾ ਵੀ ਬਣਦੀ ਹੈ।

ਸਭ ਤੋਂ ਅੱਵਲ, ਅਰਦਾਸ ਆਪਣੇ ਕਰਤੇ ਦੀ ਕਿਰਤ ਹੋਣ ਦਾ ਇਕਬਾਲ ਹੈ। ਹੱਦਾਂ ਵਿਚ ਵਿਚਰਦਿਆਂ ਅਨਾਹਦ ਨਾਲ ਜੁੜਨ ਦਾ ਉਪਰਾਲਾ ਹੈ। ਰੱਬੀ ਮੇਹਰ ਕੇਵਲ ਸਾਡੀ ਪੁਕਾਰ ਦਾ ਹੁੰਗਾਰਾ ਹੀ ਨਹੀਂ ਭਰਦੀ; ਉਹ ਤਾਂ ਪਹਿਲੋਂ ਇਸ ਪੁਕਾਰ ਦੀ ਆਵਾਜ਼ ਬਣ ਕੇ ਆਉਂਦੀ ਹੈ। ਇਹ ਮਿਹਰਾਮਤ ਹੀ ਤਾਂ ਸਾਡੇ ਅੰਦਰੋਂ ਅਰਦਾਸ ਬਣ ਕੇ ਨਿਕਲਦੀ ਹੈ।

ਅਰਦਾਸ ਰੱਬ ਨਾਲ ਗੋਸ਼ਟੀ ਹੈ; ਉਸੇ ਨਾਲ ਮਸਲਤ ਹੈ। ਉਹੀ ਤਾਂ ਸਾਡਾ ਸਭੋ ਕੁਝ ਹੈ—ਮਾਤਾ-ਪਿਤਾ, ਭੈਣ-ਭਾਈ, ਪ੍ਰੇਮੀ-ਭਰਾਤਾ, ਨਾਇਕ-ਖਸਮ, ਸੱਜਣ-ਸੈਣ, ਸਾਕ-ਸੰਬੰਧੀ; ਕੀ ਨਹੀਂ ਉਹ ਸਾਡਾ? ਤਦੇ ਸਾਡਾ ਹਰ ਸਲਾਹ-ਮਸ਼ਵਰਾ ਉਸੇ ਨਾਲ ਬਣਦਾ ਹੈ। ਜੋ ਸਾਡੇ ਦਿਲਾਂ ਦਾ ਜਾਣੂ ਹੈ, ਅੰਗ-ਸੰਗ ਹੋ ਕੇ ਸਾਡੀ ਨਿਗਾਹਬਾਨੀ ਕਰਦਾ ਹੈ ਉਸ ਦਾ ਨਿਰਮਲ ਭਰੋਸਾ ਹੀ ਸਾਡੀ ਅਰਦਾਸ ਦਾ ਆਧਾਰ ਬਣ ਸਕਦਾ ਹੈ।

ਅਰਦਾਸ ਕੇਵਲ ਬੇਨਤੀ ਯਾ ਪ੍ਰਾਰਥਨਾ ਹੀ ਨਹੀਂ, ਇਸ ਦੇ ਕਈ ਪਾਸਾਰ ਹਨ। ਇਹ, ਮਾਲਕ ਦਾ ਸ਼ੁਕਰਾਨਾ ਥੀ ਕੇ, ਉਸ ਦੀ ਸਿਫ਼ਤ-ਸਲਾਹ ਬਣ ਕੇ, ਸਦਕੇ ਦੀ ਭਾਵਨਾ ਨਾਲ ਭਰੀਜ ਕੇ, ਜਾਂ ਮਾਲਕ ਵੱਲ ਉਡਾਰੀ ਮਾਰਨ ਦੀ ਬਿਹਬਲਤਾ ਨਾਲ ਤੜਪ ਕੇ ਵੀ ਪ੍ਰਗਟ ਹੋ ਸਕਦੀ ਹੈ। ਪਛਤਾਵੇ ਦੇ ਹੰਝੂਆਂ ਨਾਲ ਬਿਭੱਜ ਕੇ, ਤੇ ਨਵੀਂ ਕਿਸੇ ਪ੍ਰਤਿਗਿਆ ਦਾ ਬਚਨ ਬਣ ਕੇ ਵੀ ਰੂਪਮਾਨ ਹੋ ਸਕਦੀ ਹੈ। ਬੋਲਾਂ ਨਾਲ ਇਸ ਦਾ ਵਿਚਿਤ੍ਰ ਸੰਬੰਧ ਹੈ। ਬੋਲੀ ਹੀ ਸਾਡੇ ਮਨ ਦੀ ਬਿਹਬਲਤਾ ਨੂੰ ਪ੍ਰਗਟ ਕਰਦੀ ਹੈ।

ਅਰਦਾਸ ਦਾ ਵਾਹਨ ਹੀ ਨਹੀਂ, ਕਈ ਵਾਰ ਤਾਂ ਇਹ ਅਰਦਾਸ ਦਾ ਤੱਤ ਸਾਰ ਹੀ ਬਣ ਜਾਂਦੀ ਹੈ। ਜਿਨ੍ਹਾਂ ਸਿਦਕਵਾਨਾਂ ਸਿੱਖਾਂ ਨੇ ਅਰਦਾਸ ਦੇ ਬੋਲ ਸਿਰਜੇ, ਨਿਰਸੰਦੇਹ ਬੜੀ ਕਮਾਈ ਵਾਲੇ ਲੋਕ ਹਨ। ਅਰਦਾਸ ਦਾ ਇਕ ਇਕ ਵਾਕ ਉਨ੍ਹਾਂ ਜ਼ਿੰਦਗੀ ਵਿਚ ਕਮਾ ਕੇ ਸਿਰਜਿਆ ਹੈ। ਜਿਤਨਾ ਸੁਹਣਾ ਉਨ੍ਹਾਂ ਜੀਵਿਆ, ਓਡੀ ਸੁਹਿਰਦਤਾ ਨਾਲ ਛਲਕਦੇ ਉਨ੍ਹਾਂ ਦੇ ਵਾਕ ਹਨ। ਉਨ੍ਹਾਂ ਦੀ ਅਧਿਆਤਮਕ ਉਚਤਾ ਤੇ ਸਿਦਕ ਦੀ ਪ੍ਰਪੱਕਤਾ ਅੱਗੇ ਹਰ ਜਗਿਆਸੂ ਦਾ ਸਿਰ ਆਪ ਮੁਹਾਰੇ ਝੁਕ ਜਾਂਦਾ ਹੈ। ਅਰਦਾਸ ਦੇ ਉਚੇਰੇ ਮੰਡਲਾਂ ਵਿਚ ਰੱਬ ਦੀ ਰਹਿਮਤ ਦਾ ਅਨੁਭਵ ਅਵਿਰਲ ਵਰਤਦਾ ਹੈ। ਤਦ ਮੰਗਣ ਮੁਕ ਜਾਂਦਾ ਹੈ। ਬੋਲ ਖੜੋਤ ਵਿਚ ਆ ਜਾਂਦੇ ਹਨ। ਉਦੋਂ ਅਰਦਾਸ ਕੀਤੀ ਨਹੀਂ ਜਾਂਦੀ, ਜੀਵੀ ਜਾਂਦੀ ਹੈ।

ਸਿਦਕਵਾਨ ਸਦਾ ਰਜ਼ਾ ਵਿਚ ਰਹਿ ਕੇ ਅਰਦਾਸ ਕਰਦਾ ਹੈ। ਅਰਜ਼ੋਈ ਦੀ ਪੂਰਤੀ ਨੂੰ ਮਾਲਕ ਦੀ ਦਾਤ ਮੰਨਦਾ ਹੈ, ਅਪੂਰਤੀ ਨੂੰ ਮਾਲਕ ਦੀ ਸਿਆਣਪ। ਹਰ ਹਾਲ ਆਪਣੇ ਆਪ ਨੂੰ ਮਾਲਕ ਦੀ ਨਦਰ ਦਾ ਭਾਗੀ ਜਾਣਦਾ ਹੈ। ਐਸਾ ਸਿਦਕ ਹੁੰਦਾ ਹੈ ਅਰਦਾਸ ਦੇ ਸੱਚ ਸਾਧਕਾਂ ਦਾ।

# ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੀ

**ਡਾ. ਹਰਚੰਦ ਸਿੰਘ ਸਰਹਿੰਦੀ ਸ਼੍ਰੋਮਣੀ ਲੇਖਕ**

ਭਰਾਵਾਂ ਦਾ ਬਚਪਨ ਆਮ ਤੌਰ 'ਤੇ ਇਕੋ ਛੱਤ ਹੇਠ ਰਹਿੰਦਿਆਂ, ਇਕੋ ਤਰ੍ਹਾਂ ਦੇ ਸਮਾਜਿਕ ਤੇ ਆਰਥਿਕ ਵਾਤਾਵਰਣ ਵਿਚ ਗੁਜ਼ਰਦਾ ਹੈ, ਜਿਸ ਕਾਰਨ ਉਨ੍ਹਾਂ ਦੀ ਮੁੱਢਲੀ ਮਾਨਸਿਕਤਾ ਵਿਚ ਪੂਰੀ ਸਾਂਝ ਹੁੰਦੀ ਹੈ। ਇਸ ਤਰ੍ਹਾਂ ਸੁਭਾਵਿਕ ਹੀ ਹੈ ਕਿ ਭਰਾਵਾਂ ਵਿਚਕਾਰ ਸ਼ੁਰੂ ਤੋਂ ਹੀ ਇਕ ਦੂਜੇ ਪ੍ਰਤੀ ਪਿਆਰ ਤੇ ਅਪਣੱਤ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਤਾਹੀਉਂ, ਵੱਡੇ ਭਰਾ ਨੂੰ ਵੀਰ ਸ਼ਬਦ ਨਾਲ ਸੰਬੋਧਨ ਹੁੰਦਿਆਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਮੂੰਹ ਵਿਚ ਪਤਾਸਾ ਖੁਰ ਗਿਆ ਹੋਵੇ।

ਪਰਿਵਾਰਕ ਰਿਸ਼ਤਿਆਂ ਵਿਚ ਭਰਾ ਦਾ ਰਿਸ਼ਤਾ ਆਪਣਾ ਵਿਸ਼ੇਸ਼ ਸਥਾਨ ਰੱਖਦਾ ਹੈ। ਸਾਡੇ ਧਾਰਮਿਕ ਗ੍ਰੰਥ ਵੀ ਭਰਾ ਦੇ ਰਿਸ਼ਤੇ ਨੂੰ ਉੱਚ ਰੁਤਬਾ ਬਖ਼ਸ਼ਦੇ ਹਨ। ਗੁਰੂ ਅਰਜਨ ਦੇਵ ਜੀ, ਉਸ ਪ੍ਰਮਾਤਮਾ ਨੂੰ ਭਰਾ ਦੇ ਰੂਪ ਵਿਚ ਸੰਬੋਧਨ ਹੁੰਦੇ ਹਨ। ਫੁਰਮਾਨ ਹੈ – 'ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ।' ਸੰਤ ਤੁਲਸੀ ਦਾਸ ਆਪਣੀ ਰਚਨਾ 'ਰਾਮ ਚਰਿਤ ਮਾਨਸ' ਵਿਚ ਲਿਖਦੇ ਹਨ ਕਿ ਭਰਾ ਦੇ ਰਿਸ਼ਤਾ ਦਾ ਹੋਰ ਕੋਈ ਬਦਲ ਨਹੀਂ। ਜਦੋਂ ਲਛਮਣ-ਮੂਰਛਤ ਹੋ ਜਾਂਦਾ ਹੈ ਤਾਂ ਭਗਵਾਨ ਰਾਮ ਵਿਰਲਾਪ ਕਰਦੇ ਹੋਏ ਉਸ ਨੂੰ ਮੁਖਾਤਿਬ ਹੁੰਦਿਆਂ ਕਹਿੰਦੇ ਹਨ, 'ਹੇ ਮੇਰੇ ਭਰਾ! ਆਪਣੇ ਮਨ 'ਚ ਇਹ ਸੋਚ ਕੇ ਹੀ ਉੱਠ ਖਲੋਅ ਕਿ ਸੰਸਾਰ ਵਿਚ ਸਕਾ ਭਰਾ ਹੋਰ ਕਿਧਰੋਂ ਨਹੀਂ ਮਿਲ ਸਕਦਾ।'

ਪੰਜਾਬੀ ਜਨ ਜੀਵਨ, ਖ਼ਾਸਕਰ ਸਾਡੇ ਪੇਂਡੂ ਸਮਾਜਿਕ ਢਾਂਚੇ ਅੰਦਰ ਭਰਾਵਾਂ ਦਾ ਸੰਗਠਨ ਇਕ ਸ਼ਕਤੀ ਬਣ ਕੇ ਉੱਭਰਦਾ ਹੈ, ਜਾਂ ਇਉਂ ਕਹਿ ਲਵੋ, ਭਰਾਵਾਂ ਦੇ ਹੁੰਦਿਆਂ ਬੰਦਾ ਇੰਝ ਮਹਿਸੂਸ ਕਰਦਾ ਹੈ ਜਿਵੇਂ ਭਰਾ ਉਸ ਦੀਆਂ ਵਾਧੂ ਬਾਹਾਂ ਹੋਣ। ਜੀਵਨ ਤਜ਼ਰਬਾ ਦੱਸਦਾ ਹੈ ਕਿ ਇਨ੍ਹਾਂ 'ਵਾਧੂ ਬਾਹਾਂ' ਦਾ ਬੜਾ ਆਸਰਾ ਹੁੰਦਾ ਹੈ। ਇਸੇ ਓਟ ਆਸਰੇ ਦਾ ਜ਼ਿਕਰ ਕਰਦਿਆਂ ਵਾਰਿਸ਼ ਸ਼ਾਹ ਲਿਖਦਾ ਹੈ:

**ਲੱਖ ਓਟ ਹੈ ਕੋਲ ਵਸੰਦਿਆਂ ਦੀ,**
**ਭਾਈਆਂ ਗਿਆਂ ਜੇਡੀ ਕਾਈ ਹਾਰ ਨਾਹੀਂ।**

ਸੱਚਮੁੱਚ! 'ਭਾਈ ਮਰਗੇ ਜਿਨ੍ਹਾਂ ਦੇ ਹਾਣ ਦੇ, ਡੌਲਿਓਂ ਟੁੱਟਗੀ ਬਾਂਹ।' ਭਰਾਵਾਂ ਦੀ ਅਹਿਮੀਅਤ ਦਾ ਬੰਦੇ ਨੂੰ 'ਉਦੋਂ ਅਹਿਸਾਸ ਹੁੰਦਾ ਹੈ, ਜਦੋਂ ਉਹ ਚਾਰੇ ਪਾਸਿਓਂ ਸੰਕਟ ਵਿਚ ਘਿਰ ਜਾਂਦਾ ਹੈ ਅਤੇ ਉਸ ਨੂੰ ਭੱਜਦੇ ਨੂੰ ਰਾਹ ਨਹੀਂ ਲੱਭਦਾ। ਮੀਆਂ ਪੀਲੂ ਆਪਣੀ ਪ੍ਰਸਿੱਧ ਰਚਨਾ 'ਮਿਰਜ਼ਾ-ਸਾਹਿਬਾ' ਦੇ ਅੰਤਮ ਸ਼ਿਅਰ ਵਿਚ ਮਿਰਜ਼ੇ ਦੇ ਮੂੰਹੋਂ ਅਖਵਾਉਂਦਾ ਹੈ:

**ਜੱਟ ਬਾਝ ਭਰਾਵਾਂ ਮਾਰਿਆਂ,**
**ਅੱਜ ਕੋਈ ਨਾ ਮਿਰਜ਼ੇ ਸੰਗ।**

ਮਨੋਵਿਗਿਆਨ ਦੱਸਦਾ ਹੈ ਕਿ ਮਨੁੱਖ ਦੀ ਇਹ ਮੁੱਢਲੀ ਆਦਤ ਹੈ ਕਿ ਉਹ ਆਪਣੇ ਕਿਸੇ ਨਜ਼ਦੀਕੀ, ਖਾਸਕਰ ਭਰਾ ਨੂੰ ਆਪਣੇ ਨਾਲੋਂ ਵੱਡਾ ਵੇਖ ਕੇ ਖੁਸ਼ ਨਹੀਂ ਹੁੰਦਾ। ਇਸ ਤਰ੍ਹਾਂ ਸੁਭਾਵਿਕ ਹੀ ਹੈ ਕਿ ਭਰਾਵਾਂ ਵਿਚਕਾਰ ਅਕਸਰ ਲਾਗ ਡਾਟ ਦਾ ਮਾਹੌਲ ਬਣਿਆ ਰਹਿੰਦਾ ਹੈ। ਪਰ ਮਨੋਵਿਗਿਆਨ ਦਾ ਇਹ ਫੈਸਲਾ ਵੀ ਹੈ ਕਿ ਭਰਾਵਾਂ ਵਿਚਕਾਰ ਡੂੰਘੇ ਮਤਭੇਦ ਹੋਣ ਦੇ ਬਾਵਜੂਦ ਉਹ ਇਕ ਦੂਜੇ ਦੀ ਸੁਖ ਸਾਂਦ ਮੰਗਦੇ ਹਨ, ਕਿਉਂਕਿ ਉਨ੍ਹਾਂ ਦੇ ਦਿਲ ਦੇ ਕਿਸੇ ਸਾਫ਼ ਸੁਥਰੇ ਕੋਨੇ ਵਿਚ ਪਿਆਰ ਤੇ ਅਪਣੱਤ ਦੀ ਭਾਵਨਾ ਸੁਰੱਖਿਅਤ ਹੁੰਦੀ ਹੈ। ਭਰਾਵਾਂ ਵਿਚਕਾਰ ਲੜਾਈ ਝਗੜੇ ਦਾ ਮੁੱਢ ਆਮ ਤੌਰ 'ਤੇ ਜੱਦੀ ਜਾਇਦਾਦ ਦੀ ਵੰਡ ਤੋਂ ਬੱਝਦਾ ਹੈ। ਆਦਿ ਕਾਲ ਤੋਂ ਹੀ ਜ਼ਰ, ਜ਼ਮੀਨ ਤੇ ਜੋਰੂ ਦੀ ਲਾਲਸਾ ਸਾਡੀ ਸੋਚ 'ਤੇ ਭਾਰੂ ਰਹੀ ਹੈ ਅਤੇ ਸਾਰੇ ਆਪਸੀ ਰਿਸ਼ਤੇ ਇਸੇ ਕੇਂਦਰ ਬਿੰਦੂ ਦੁਆਲੇ ਬਣੇ ਦਾਇਰੇ ਵਿਚ ਘੁੰਮਦੇ ਹਨ। ਨਿਰਸੰਦੇਹ ਅਜਿਹੇ ਮੰਦਭਾਗੇ ਹਾਲਾਤ ਭਰਾਵਾਂ ਨੂੰ ਇਕ ਦੂਜੇ ਤੋਂ ਦੂਰ ਕਰ ਦਿੰਦੇ ਹਨ, ਪਰ ਦਿਲੋਂ ਉਹ ਇਕ ਦੂਜੇ ਦੀ ਸੁੱਖ ਮੰਗਦੇ ਹਨ, ਕਿਉਂਕਿ ਉਨ੍ਹਾਂ ਦੀਆਂ ਰਗਾਂ ਵਿਚ ਦੌੜ ਰਿਹਾ ਸਾਂਝਾ ਖ਼ੂਨ ਸਮੇਂ-ਸਮੇਂ ਸਿਰ ਉਛਾਲਾ ਮਾਰਦਾ ਰਹਿੰਦਾ ਹੈ। ਇਸ ਤੱਥ ਦੀ ਪੁਸ਼ਟੀ ਲਈ ਇਕ ਮਿਸਾਲ ਪੇਸ਼ ਹੈ: ਮਹਾਂਭਾਰਤ ਯੁੱਧ ਵਿਚ ਭਾਗ ਲੈਣ ਵਾਲੇ ਦੋਵੇਂ ਪਾਸਿਆਂ ਦੇ ਬਹੁਤੇ ਯੋਧੇ, ਕਿਉਂਕਿ ਇਕ ਦੂਜੇ ਨਾਲ ਖ਼ੂਨ ਜਾਂ ਵਿਆਹ ਬੰਧਨ ਵਿਚ ਬੱਝੇ ਰਿਸ਼ਤੇ ਨਾਲ ਜੁੜੇ ਹੋਏ ਸਨ, ਇਸ ਲਈ ਹਰ ਸ਼ਾਮ ਨੂੰ, ਜੰਗ ਬੰਦ ਹੋਣ 'ਤੇ ਦੋਵੇਂ ਪਾਸਿਆਂ ਦੇ ਯੋਧੇ, ਆਪਣੇ ਸਾਕ ਸਬੰਧੀਆਂ ਦੀ ਸੁੱਖ ਮੰਗਦੇ ਹੋਏ ਉਨ੍ਹਾਂ ਦੀ ਭਾਲ ਕਰਦੇ ਸਨ। ਐਵੇਂ ਤਾਂ ਨਹੀਂ ਕਹਿੰਦੇ, 'ਆਖ਼ਰ ਨੂੰ ਤਾਂ ਗਲ ਨੂੰ ਆਵਣ, ਆਪਣੀਆਂ ਭੱਜੀਆਂ ਬਾਹਵਾਂ।'

ਸੋ, ਭਰਾਵਾਂ ਦੇ ਰਿਸ਼ਤੇ ਵਿਚਲੀ ਵੈਰ ਭਾਵਨਾ ਅਤੇ ਨਾ ਮਿਲਵਰਤਣ ਵਾਲਾ ਰਵੱਈਆ, ਆਮ ਤੌਰ 'ਤੇ ਪਾਣੀ 'ਤੇ ਲਕੀਰ ਵਾਂਗ ਅਸਥਾਈ ਹੁੰਦਾ ਹੈ। ਵਾਰਿਸ ਸ਼ਾਹ ਨੇ ਵੀ ਇਹੋ ਨਿਚੋੜ ਕੱਢਿਆ ਹੈ ਕਿ ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੀ, ਅਤੇ ਭਾਈਆਂ ਬਾਝ ਬਹਾਰ ਨਾਹੀ।

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂੰ ਰੁੱਲ ਜਾਵੋਗੇ

# ਆਓ ਜਾਣੀਏ !

**ਇੰਜ. ਪਰਮਿੰਦਰਜੀਤ ਸਿੰਘ**
**ਐਡੀਸ਼ਨਲ ਚੀਫ਼ ਐਡੀਟਰ**

1. ਹੇਠ ਲਿਖੇ ਰਾਜਾਂ ਵਿੱਚੋਂ ਕਿਹੜਾ ਰਾਜ, ਭਾਰਤੀ ਸੰਯੁਕਤ (ਇੰਡੀਅਨ ਯੂਨੀਅਨ) ਵਿਚ 1975 ਵਿਚ ਹੋਏ ਵਿਸ਼ੇਸ਼ ਮੱਤ-ਚੋਣ ਰਾਹੀਂ ਸ਼ਾਮਲ ਹੋਇਆ ਸੀ?

   (ੳ) ਮਨੀਪੁਰ (ਅ) ਮੇਘਾਲਿਆ
   (ੲ) ਗੋਆ (ਸ) ਸਿਕੰਮ

2. ਹੇਠ ਲਿਖੇ ਕਥਨਾਂ ਨੂੰ ਵਿਚਾਰੋ –

   1. ਰਾਸ਼ਟਰਪਤੀ ਦੀ ਅਸਵੀਕ੍ਰਿਤੀ ਦੇਣ ਦੀ ਸ਼ਕਤੀ 'ਵੀਟੋ' ਸੀਮਿਤ ਹੈ ਕਿਉਂਕਿ ਜੇ ਮੁੜ-ਵਿਚਾਰਨ ਉਪਰੰਤ ਸੰਸਦ ਉਸੇ ਬਿਲ ਨੂੰ ਦੁਬਾਰਾ ਪਾਸ ਕਰਕੇ ਰਾਸ਼ਟਰਪਤੀ ਨੂੰ ਵਾਪਸ ਭੇਜਦਾ ਹੈ ਤਾਂ ਰਾਸ਼ਟਰਪਤੀ ਨੂੰ ਬਿਲ 'ਤੇ ਸਹਿਮਤੀ ਦੇਣੀ ਪੈਂਦੀ ਹੈ।
   2. ਰਾਸ਼ਟਰਪਤੀ ਵੱਲੋਂ ਬਿਲ ਮੁੜ-ਵਿਚਾਰਨ ਵਾਸਤੇ ਕਦੋਂ ਭੇਜਿਆ ਜਾਣਾ ਹੈ, ਇਸ ਸਬੰਧੀ ਸੰਵਿਧਾਨ ਵਿਚ ਕੋਈ ਸਮੇਂ-ਸੀਮਾ ਦਾ ਵੇਰਵਾ ਨਹੀਂ ਦਿੱਤਾ ਗਿਆ।

   ਉਪਰੋਕਤ ਕਥਨਾਂ ਵਿਚੋਂ ਕਿਹੜਾ (ੜੇ) ਕਥਨ ਸਹੀ ਹੈ/ਹਨ?

   (ੳ) ਸਿਰਫ਼ 1 (ਅ) ਸਿਰਫ਼ 2
   (ੲ) 1 ਅਤੇ 2 ਦੋਵੇਂ (ਸ) 1 ਅਤੇ 2 ਵਿਚੋਂ ਕੋਈ ਵੀ ਨਹੀਂ

3. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਹੜੇ ਭਾਰਤੀ ਸੰਵਿਧਾਨ ਦੀ ਸੱਤਵੀਂ ਅਨੁਸੂਚੀ (ਸ਼ਡੀਊਲ) ਵਿਚ ਦਰਜ, 'ਰਾਜ ਸੂਚੀ' ਵਿਚ ਸ਼ਾਮਲ ਹਨ?

   (ੳ) ਬਜ਼ਾਰ (ਮਾਰਕੀਟ) ਅਤੇ ਮੇਲੇ
   (ਅ) ਜਨ ਸਿਹਤ ਅਤੇ ਸੈਨੀਟੇਸ਼ਨ, ਹਸਪਤਾਲ ਅਤੇ ਡਿਸਪੈਂਸਰੀਆਂ
   (ੲ) ਅਫੀਮ ਦਜੀ ਖੇਤੀ, ਨਿਰਮਾਣ ਅਤੇ ਨਿਰਯਾਤ ਲਈ ਵਿਕਰੀ
   (ਸ) ਬੀਮਾ
   (ਹ) ਅਪੰਗ ਅਤੇ ਅਕਾਰਥ ਦੇ ਲਈ ਸਹਾਇਤਾ

   ਹੇਠ ਲਿਖੇ ਵਿਚੋਂ ਸਹੀ ਉੱਤਰ ਚੁਣੋ :

   (ੳ) 1, 2 ਅਤੇ 3 (ਅ) 2, 3 ਅਤੇ 5
   (ੲ) 3, 4 ਅਤੇ 5 (ਸ) 1, 2 ਅਤੇ 5

4. ਹੇਠ ਲਿਖੀਆਂ ਭਾਸ਼ਾਵਾਂ ਵਿਚੋਂ ਕਿਹੜੀ ਭਾਸ਼ਾ ਭਾਰਤ ਦੇ ਸੰਵਿਧਾਨ ਦੀ ਅੱਠਵੀਂ ਅਨੁਸੂਚੀ (ਸ਼ਡੀਊਲ) ਵਿਚ ਦਰਜ ਨਹੀਂ ਹੈ?

   (ੳ) ਮੈਥਿਲੀ (ਅ) ਨੇਪਾਲੀ
   (ੲ) ਭੋਜਪੁਰੀ (ਸ) ਸੰਥਾਲੀ

5. ਜਦੋਂ ਭਾਰਤ ਦੇ ਮੁੱਖ ਨਿਆਂ-ਅਧੀਸ਼ ਦਾ ਦਫ਼ਤਰ ਖ਼ਾਲੀ (ਵੇਕੈਂਟ) ਹੁੰਦਾ ਹੈ ਜਾਂ ਜਦੋਂ ਗ਼ੈਰਹਾਜ਼ਰੀ ਜਾਂ ਕਿਸੀ ਹੋਰ ਕਾਰਨ ਕਰਕੇ, ਮੁੱਖ ਨਿਆਂ-ਅਧੀਸ਼ ਆਪਣੀ ਜ਼ੁੰਮੇਵਾਰੀ (ਡਿਊਟੀ) ਵਿਚ ਅਸਮਰਥ ਹੁੰਦਾ ਹੈ ਤਾਂ ਉਨ੍ਹਾਂ ਦੇ ਦਫ਼ਤਰ ਦੀਆਂ ਜ਼ੁੰਮੇਵਾਰੀਆਂ ਕਾਰਜਵਾਹਕ ਮੁੱਖ ਨਿਆਂ-ਅਧੀਸ਼ ਵਲੋਂ ਨਿਭਾਈਆਂ ਜਾਂਦੀਆਂ ਹਨ। ਕਾਰਜਵਾਹਕ (ਐਕਟਿੰਗ) ਮੁੱਖ ਨਿਆਂ-ਅਧੀਸ਼ ਦੀ ਨਿਯੁਕਤੀ ਕੌਣ ਕਰਦਾ ਹੈ?

   (ੳ) ਭਾਰਤ ਦੇ ਰਾਸ਼ਟਰਪਤੀ
   (ਅ) ਸੁਪਰੀਮ ਕੋਰਟ ਦੇ ਸਭ ਤੋਂ ਸੀਨੀਅਰ ਜੱਜ (ਅਹੁਦੇ ਦੇ ਨਾਤੇ) (ਐਕਸ-ਉਫਿਸ਼ਿਓ)
   (ੲ) ਭਾਰਤ ਦੇ ਪ੍ਰਧਾਨ ਮੰਤਰੀ
   (ਸ) ਭਾਰਤ ਦੇ ਉੱਪ-ਰਾਸ਼ਟਰਪਤੀ

6. ਹੇਠ ਲਿਖਤ ਵਿਚੋਂ ਕਿਹੜੇ ਰਾਜਨੀਤੀ ਦੇ ਨਿਰਦੇਸ਼ਾਤਮਿਕ ਸਿਧਾਂਤਾਂ (ਡਾਇਰੈਕਟਿਵ ਪ੍ਰਿੰਸੀਪਲਜ਼ ਆਫ਼ ਸਟੇਟ ਪਾਲਿਸੀ) ਵਿਚ ਦਰਜ ਹਨ?

   (ੳ) ਲੋਕਾਂ ਦੀ ਭਲਾਈ ਦੇ ਸਮਰਥਨ ਲਈ ਸਮਾਜਿਕ ਕ੍ਰਮ ਬਨਾਉਣਾ
   (ਅ) ਖੇਤੀਬਾੜੀ ਅਤੇ ਪਸ਼ੂ-ਪਾਲਣ ਦੀ ਵਿਵਸਥਾ
   (ੲ) ਬੱਚਿਆਂ ਦੇ ਚੰਗੇ ਵਿਕਾਸ ਲਈ ਉਨ੍ਹਾਂ ਨੂੰ ਅਵਸਰ ਅਤੇ ਸਹੂਲਤਾਂ ਦੇਣ ਦਾ ਵਿਧਾਨ

(ਸ) ਲੋਕ ਸੰਪਤੀ ਦੀ ਰੱਖਿਆ ਲਈ ਪ੍ਰਬੰਧ

ਹੇਠ ਲਿਖੇ ਵਿਚੋਂ ਸਹੀ ਉੱਤਰ ਚੁਣੋ :

(ੳ) 2 ਅਤੇ 3 (ਅ) 1, 3 ਅਤੇ 4

(ੲ) 1, 2 ਅਤੇ 3 (ਸ) 1, 2, 3 ਅਤੇ 4

7. ਭਾਰਤ ਕਿੰਨੇ ਡਾਕ ਦੇ ਸ਼ਨਾਖਤੀ ਨੰਬਰ/ਪੋਸਟਲ ਇੰਡੈਕਸ ਨੰਬਰ (ਪਿੰਨ) ਖੇਤਰਾਂ ਵਿਚ ਵੰਡਿਆ ਹੋਇਆ ਹੈ?

(ੳ) ਛੇ ਭੂਗੋਲਿਕ ਅਤੇ ਇੱਕ ਫ਼ੌਜ ਡਾਕ ਸੇਵਾ ਲਈ ਰਾਖਵਾਂ

(ਅ) ਸੱਤ ਭੂਗੋਲਿਕ ਅਤੇ ਦੋ ਫੌਜ ਡਾਕ ਸੇਵਾ ਲਈ ਰਾਖਵੇਂ

(ੲ) ਅੱਠ ਭੂਗੋਲਿਕ ਅਤੇ ਇੱਕ ਫ਼ੌਜ ਡਾਕ ਸੇਵਾ ਲਈ ਰਾਖਵਾਂ

(ਸ) ਦੱਸ ਭੂਗੋਲਿਕ ਅਤੇ ਦੋ ਫ਼ੌਜ ਡਾਕ ਸੇਵਾ ਲਈ ਰਾਖਵੇਂ

8. ਹੇਠ ਲਿਖੇ ਵਿਚੋਂ ਕੌਣ ਭਾਰਤ ਦੇ ਉੱਪ-ਰਾਸ਼ਟਰਪਤੀ ਦੇ ਨਿਰਵਾਚਕੀ ਸਦੋਸ (ਇਲੈਕਟੋਰਲ ਕੌਲੇਜ) ਵਿਚ ਸ਼ਾਮਲ ਹੁੰਦੇ ਹਨ?

(ੳ) ਲੋਕ ਸਭਾ ਦੇ ਮੈਂਬਰ (ਅ) ਰਾਜ ਸਭਾ ਦੇ ਮੈਂਬਰ

(ੲ) ਰਾਜਾਂ ਦੇ ਵਿਧਾਨ ਸਭਾਵਾਂ ਦੇ ਮੈਂਬਰ (ਸ) ਰਾਜਾਂ ਦੇ ਵਿਧਾਨ ਪਰਿਸ਼ਦਾਂ ਦੇ ਮੈਂਬਰ

ਹੇਠ ਲਿਖੇ ਵਿਚੋਂ ਸਹੀ ਉੱਤਰ ਚੁਣੋ :

(ੳ) 1 ਅਤੇ 2 (ਅ) ਸਿਰਫ਼ 2

(ੲ) 1, 2 ਅਤੇ 3 (ਸ) 1, 2, 3 ਅਤੇ 4

9. ਹੇਠ ਲਿਖੇ ਕਥਨਾਂ ਵਿਚੋਂ ਕਿਹੜਾ ਕਥਨ ਸਹੀ ਨਹੀਂ ਹੈ?

(ੳ) ਸੰਯੁਕਤ (ਜੋਆਇੰਟ) ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਦੀ ਨਿਯੁਕਤੀ ਰਾਸ਼ਟਰਪਤੀ ਕਰਦਾ ਹੈ।

(ਅ) ਮੈਂਬਰ ਸੰਯੁਕਤ (ਜੋਆਇੰਟ) ਲੋਕ ਸੇਵਾ ਕਮਿਸ਼ਨ ਵੱਲੋਂ ਦਫ਼ਤਰ ਜੁਆਇਨ ਕਰਨ ਦੀ ਮਿਤੀ ਤੋਂ ਲੈ ਕੇ ਛੇ ਸਾਲ ਤੱਕ ਦੀ ਅਵਧੀ ਲਈ, ਦਫ਼ਤਰ ਸੰਭਾਲਿਆ ਜਾਂਦਾ ਹੈ ਜਾਂ ਜਦੋਂ ਤੱਕ ਉਹ 65 ਸਾਲ ਦੀ ਉਮਰ ਪ੍ਰਾਪਤ ਨਹੀਂ ਕਰ ਲੈਂਦਾ, ਜੋ ਵੀ ਇਨ੍ਹਾਂ ਵਿਚੋਂ ਪਹਿਲਾਂ ਹੋਵੇ।

(ੲ) ਹਰ ਲੋਕ ਸੇਵਾ ਕਮਿਸ਼ਨ ਦੇ ਲਗਭਗ ਅੱਧੇ ਮੈਂਬਰਾਂ ਵੱਲੋਂ ਨਿਯੁਕਤੀ ਦੀ ਮਿਤੀ ਤੱਕ ਘੱਟੋ-ਘੱਟ 10 ਸਾਲ ਲਈ ਭਾਰਤ ਸਰਕਾਰ ਜਾਂ ਰਾਜ ਸਰਕਾਰ ਵਿਚ ਕੰਮ ਕੀਤਾ ਹੋਵੇ।

(ਸ) ਸੰਯੁਕਤ (ਜੋਆਇੰਟ) ਲੋਕ ਸੇਵਾ ਕਮਿਸ਼ਨ ਦੇ ਮੈਂਬਰ ਵੱਲੋਂ ਅਸਤੀਫਾ ਆਪਣੇ ਹੱਥ ਨਾਲ ਲਿਖ ਕੇ, ਰਾਸ਼ਟਰਪਤੀ ਨੂੰ ਦਿੱਤਾ ਜਾ ਸਕਦਾ ਹੈ।

10. ਨਾਟਲ (Natal), ਰੇਸਾਇਫ (Recife) ਅਤੇ ਫੋਰਟਾਲਿਜਾ (Fortaleza)

(ੳ) ਨੈਨੋ ਉਦਯੋਗ ਵਿਗਿਆਨ ਵਿਚ ਹਾਲ ਹੀ ਹੋਏ ਪ੍ਰਯੋਗਾਂ ਵਿਚ ਸ਼ਾਮਲ ਕੀਤੇ ਵਿਸ਼ਿਆਂ ਦੇ ਨਾਮ ਹਨ

(ਅ) ਮਾਨਸਿਕ ਰੋਗਾਂ ਦੇ ਇਲਾਜ ਨਾਲ ਸੰਬੰਧਿਤ ਦਵਾਈਆਂ ਦੇ ਨਾਮ ਹਨ

(ੲ) ਦੱਖਣ ਅਫ਼ਰੀਕਾ ਦੇ ਪ੍ਰਸਿੱਧ ਸੈਰ-ਸਪਾਟਾ ਦੀਆਂ ਥਾਵਾਂ ਦੇ ਨਾਮ ਹਨ

(ਸ) 2014 ਫੀਫਾ ਵਿਸ਼ਵ ਕੱਪ ਦੇ ਬ੍ਰਾਜ਼ੀਲ ਵਿਖੇ ਮੇਜ਼ਬਾਨ ਸ਼ਹਿਰਾਂ ਦੇ ਨਾਮ ਹਨ

11. ਸਾਲ 2002 ਵਿਚ ਰਾਸ਼ਟਰੀ ਡੇਅਰੀ ਵਿਕਾਸ ਬੋਰਡ ਵੱਲੋਂ ਖਪਤਕਾਰਾਂ ਨੂੰ ਦੁੱਧ ਦੀ ਕਿਸਮ ਦੀ ਪਛਾਣ ਲਈ ਦੁੱਧ ਦੇ ਪੈਕਿੰਗ ਦੇ ਢੰਗ ਦਾ ਮਿਆਰੀਕਰਨ ਕੀਤਾ ਗਿਆ ਸੀ। ਦੁੱਧ ਦੇ ਪੈਕਟਾਂ ਦੇ ਰੰਗਾਂ ਦੀ ਪਛਾਣ, ਸਾਰੇ ਸਹਿਕਾਰੀਆਂ ਲਈ ਸਾਂਝੀ ਰੱਖੀ ਗਈ, ਜਿਸ ਵਿਚ ਪੰਜਾਬ ਦਾ ਵੇਰਕਾ ਵੀ ਸ਼ਾਮਲ ਹੈ। ਇਸ ਕਥਨ ਦੇ ਸੰਦਰਭ ਵਿਚ, ਹੇਠ ਲਿਖੀਆਂ ਜੋੜੀਆਂ ਵਿਚੋਂ ਗਲਤ ਜੋੜੀ/ਜੋੜੀਆਂ ਦੀ ਪਹਿਚਾਣ ਕਰੋ –

ਪੈਕਟ ਦਾ ਰੰਗ – ਦੁੱਧ ਦੀ ਕਿਸਮ

1. ਨੀਲਾ – ਦੁੱਗਣਾ ਟੋਨਡ
2. ਹਰਾ – ਸਟੈਂਡਰਡ
3. ਜਾਮਨੀ – ਸਪਰੇਟਾ/ਕਰੀਮ
   ਕੱਢਿਆ (ਸਕਿੰਮਡ)
4. ਸੰਤਰੀ – ਫੁੱਲ ਕਰੀਮ
5. ਪੀਲਾ – ਟੋਨਡ

ਹੇਠ ਲਿਖੇ ਵਿਚੋਂ ਉੱਤਰ ਚੁਣੋ –

(ੳ) 1, 2 ਅਤੇ 3 (ਅ) 3 ਅਤੇ 4

(ੲ) 1 ਅਤੇ 5 (ਸ) ਸਿਰਫ਼ 3

12. ਹੇਠ ਲਿਖੀਆਂ ਸੰਸਥਾਵਾਂ ਵਿਚੋਂ ਕਿਹੜੀ ਸੰਸਥਾ ਹਰ ਸਾਲ ਚੀਨੀ ਉਦਯੋਗ ਲਈ ਨਵੇਂ ਚੀਨੀ ਦੇ ਮਾਪਦੰਡ ਤਿਆਰ ਕਰਕੇ ਜਾਰੀ ਕਰਦੀ ਹੈ?
   (ੳ) ਚੀਨੀ ਦੇ ਮਾਪਦੰਡਾਂ ਦਾ ਬਿਊਰੋ (ਬਿਊਰੋ ਆਫ਼ ਸ਼ੂਗਰ ਸਟੈਂਡਰਡਜ਼)
   (ਅ) ਭਾਰਤ ਦੇ ਮਾਪਦੰਡਾਂ ਦਾ ਬਿਊਰੋ (ਬਿਊਰੋ ਆਫ਼ ਇੰਡੀਅਨ ਸਟੈਂਡਰਡਜ਼)
   (ੲ) ਕੇਂਦਰੀ ਐੱਗਮਾਰਕ ਪ੍ਰਯੋਗਸ਼ਾਲਾ (ਸੈਂਟਰਲ ਐੱਗਮਾਰਕ ਲੈਬਾਰਟਰੀ)
   ਸ) ਨੈਸ਼ਨਲ ਇੰਸਟੀਚਿਊਟ ਆਫ਼ ਫੂਡ ਪ੍ਰੋਸੈਸਿੰਗ
13. ਡਾ. ਸੁਗਾਤਾ ਮਿਤਰਾ, ਮੁੱਖ ਸਾਇੰਸਦਾਨ, ਐਨ.ਆਈ.ਆਈ.ਟੀ. ਨੂੰ "ਹੋਲ-ਇਨ-ਦ-ਵਾਲ" (ਦਿਵਾਰ-ਵਿੱਚ-ਸੁਰਾਖ਼) ਦੀ ਖੋਜ ਦਾ ਮਾਣ ਦਿੱਤਾ ਜਾਂਦਾ ਹੈ। ਇਸ ਨਵੀਨਤਾਕਾਰੀ ਸਿੱਖਿਆ ਦੇ ਪ੍ਰਸਿੱਧ ਪ੍ਰਯੋਗ ਨੂੰ ਰਸਮੀ (formal) ਤੌਰ 'ਤੇ ਜਾਣਿਆ ਜਾਂਦਾ ਹੈ-
   (ੳ) ਧਿਆਨਪੂਰਵਕ ਨਿਗਰਾਨੀ ਵਾਲੀ ਸਿੱਖਿਆ (Closely Supervised Education)
   (ਅ) ਦੂਰੀ ਤੋਂ ਨਿਰੀਖਣ ਵਾਲੀ ਸਿੱਖਿਆ (Distantly Monitored Education)
   (ੲ) ਨਿਊਨਤਮ ਦਖ਼ਲ ਵਾਲੀ ਸਿੱਖਿਆ (Minimally Invaslve Education)
   (ਸ) ਬਿਨਾਂ ਨਿਰੀਖਣ ਵਾਲੀ ਸਿੱਖਿਆ (Non-Monitored Education)

**(ਉੱਤਰ ਬਾਕੀ ਸਫ਼ਾ 37 'ਤੇ)**





**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ**

# ਕਮਰਿਆਂ ਦੀ ਬੁਕਿੰਗ

**ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।**

**ਮੋਬਾਇਲ ਨੰ:-73470-65188**

# ਅਜੇ ਵੀ ਜੀਊਣਾਂ ਆ ਜਾਵੇ



**ਅਨੁਵਾਦਿਕ ਕੀਤਾ**
**ਅਮਰੀਕ ਸਿੰਘ**
**ਮੈਂਬਰ (ਸੇਵਾ ਮੁਕਤ) ਬੀ.ਬੀ.ਐਮ.ਬੀ.**

ਰੱਬੀਆ ਜ਼ਿੰਦਗੀ ਦਾ ਬਹੁਤ ਸਾਰਾ ਘੋਲ ਘੁਲ ਚੁਕੀ ਹੈ ਪਿਆਰ ਕਰਕੇ, ਵਿਆਹ ਕਰਕੇ, ਇਸ਼ਕ-ਝੂਟਾ ਲੈ ਕੇ, ਨਿਰਾਸ਼ ਹੋ ਕੇ, ਵਿਧਵਾ ਹੋ ਕੇ, ਅੱਜ ਆਪਣੇ ਘਰ ਵਿਚ ਸ਼ਾਂਤ ਬੈਠੀ ਹੈ। ਪਤੀ ਨਾਲ ਵਿਆਹ ਤੋਂ ਪਹਿਲਾਂ ਜੋ ਅਪਨੇ ਪਤੀ ਨੂੰ ਰੱਬੀਆ ਨੇ ਸਮਝਿਆ ਸੀ ਉਹ ਨਾ ਨਿਕਲਿਆ। ਪਰ ਅਜ ਉਸ ਨੇ ਨਿਰਾਸ਼ਤਾਵਾਂ ਵਿਚੋਂ ਸ਼ਾਂਤੀ ਦਾ ਭੇਤ ਲਭ ਲਿਆ ਹੈ। ਪਤੀ ਮਰ ਗਿਆ ਹੈ। ਕਈ ਵਰ੍ਹੇ ਲੰਘ ਗਏ ਹਨ। ਰੱਬੀਆ ਦੇ ਗਿਲੇ ਸ਼ਿਕਵੇ ਸਚਿਆਈ ਦੇ ਚਾਨਣ ਨਾਲ ਕਾਲਿਆਂ ਤੋਂ ਚਿਟੇ ਹੋ ਗਏ ਹਨ। ਰੱਬੀਆ ਬਾਰੀ ਵਿਚੋਂ ਮਗਨ ਦੂਰਾਡੇ ਪਹਾੜਾਂ ਵੱਲ ਤਕ ਰਹੀ ਹੈ। ਉਸਦੀ ਪੋਤਰੀ ਬੜੀ ਦੇਰ ਦੀ ਉਹਦੇ ਮੂੰਹ ਵਲ ਵੇਖ ਰਹੀ ਹੈ। ਆਖਰ ਰੱਬੀਆ ਨੇ ਬੜੀ ਮਿੱਠੀ ਮੁਸਕਰਾਹਟ ਨਾਲ ਪੋਤਰੀ ਦੀਆਂ ਉਡੀਕਦੀਆਂ ਅਖਾਂ ਵਲ ਤਕਿਆ। ਪੋਤਰੀ ਨੇ ਜਾ ਕੇ ਆਪਨੀ ਠੋਡੀ ਰੱਬੀ ਆਦੀ ਝੋਲੀ ਵਿਚ ਰਖ ਦਿਤੀ।

ਪੋਤਰੀ ਨੇ ਪੁਛਿਆ, "ਮੈਂ ਵਡੀ ਹੋ ਕੇ ਕੀ ਬਣਾਂਗੀ?"

ਤੂੰ ਚਾਹੇ ਵਿਦਵਾਨ ਹੋ ਸਕਦੀ ਹੈ। ਮੇਰਾ ਪਿਉ ਵਿਦਵਾਨ ਸੀ। ਦੁਨੀਆਂ ਨੇ ਉਹ ਨਾਂ ਨਾਲ ਚੰਗਾ ਸਲੂਕ ਨਹੀਂ ਕੀਤਾ। ਉਹਨਾਂ ਕੋਲੋਂ ਛੋਟੇ ਆਦਮੀ ਜਿਹੜੇ ਝੂਠ ਬੋਲ ਸਕਦੇ ਤੇ ਖੁਸ਼ਾਮਦਾਂ ਕਰ ਸਕਦੇ ਸਨ, ਉਚੀਆਂ ਥਾਵਾਂ ਤੇ ਪਹੁੰਚ ਗਏ ਸਨ।

ਪੋਤਰੀ ਨੇ ਕਿਹਾ, "ਮੈਂ ਬਹੁਤ ਵਡੀ ਇਨਸਾਨ ਬਨਣੀ ਚਾਹੁੰਦੀ ਹਾਂ ਅਤੇ ਬੜੀ ਪ੍ਰਸੰਨ ਵੀ ਰੈਹ ਸਕਾਂ, ਬਹੁਤ ਸਾਰੀ ਖੁਸ਼ੀ ਪ੍ਰਾਪਤ ਕਰਨ ਵਿਚ ਮੈਨੂੰ ਕੋਈ ਰੋਕ ਨਾਂ ਹੋਵੇ।"

ਰੱਬੀਆ ਨੇ ਕਿਹਾ, "ਪੁਤਰੀ ਦੁਨੀਆਂ ਵਿਚ ਐਨੀ ਬੁਰਾਈ ਹੈ ਅਤੇ ਔਖਿਆਈਆਂ ਹਨ; ਅਸਲੀ ਖੁਸ਼ੀ ਤਾਂ ਉਦੋਂ ਤਕ ਨਹੀਂ ਮਿਲਦੀ ਹੈ ਜਦੋਂ ਤਕ ਅਸੀਂ ਇਹਨਾਂ ਦੀ ਪੀੜਾਂ ਨੂੰ ਝਲਣ ਦੀ ਤਾਕਤ ਪੈਦਾ ਨਹੀਂ ਕਰ ਲੈਂਦੇ। ਮੇਰੇ ਪਿਉ ਕੋਲ ਸਚਿਆਈ ਸੀ ਜਿਹੜੀ ਤਾਕਤਵਰ ਬੁਰਾਈ ਦੇ ਵਿਰੁਧ ਸਾਰੀ ਉਮਰ ਕਸ਼ਮਕਸ਼ ਕਰਨ ਨਾਲ ਮਿਲਦੀ ਹੈ। ਹਾਂ ਪੁਤਰੀ ਜੇ ਤੂੰ ਚੰਗਾ ਇਨਸਾਨ ਬਨਣਾ ਚਾਹੁੰਦੀ ਹੈ ਤਾਂ ਅਤੇ ਉਹ ਅਤਿ ਚੰਗੀਆਂ ਚੀਜ਼ਾਂ ਹਾਸਲ ਕਰਨਾ ਚਾਹੁੰਦੀ ਹੈ, ਜੋ ਰਬ ਨੇ ਹਰ ਇਨਸਾਨ ਦੀ ਪਹੁੰਚ ਵਿਚ ਰਖੀਆਂ ਹਨ, ਤਾਂ ਇਹੋ ਜਹੀ ਵਡਿਤਣ ਨੂੰ ਨਿਸ਼ਾਨਾ ਬਣਾ। ਮਸੀਬਤਾਂ ਆਉਣਗੀਆਂ। ਖਰੇ ਦਿਲ ਵਿਚ ਹਰ ਗਮ ਹੌਲਾ ਹੁੰਦਾ ਹੈ, ਹਰ ਮੁਸੀਬਤ ਹਲਕੀ ਲਗਦੀ ਹੈ।"

ਰੱਬੀਆ ਇਕ ਘੜੀ ਚੁਪ ਰਹੀ। ਉਸ ਦੀ ਪੋਤਰੀ ਦੀਆਂ ਉਤਸ਼ਾਹ ਭਰੀਆਂ ਅਖਾਂ ਰੱਬੀਆ ਦਾਦੀ ਉਪਰ ਲਗੀਆਂ ਸਨ।

ਰੱਬੀਆ ਬੋਲਦੀ ਗਈ, " ਇਕ ਇਹੋ ਜਿਹਾ ਆਦਮੀ ਮੇਰੀ ਜ਼ਿੰਦਗੀ ਵਿਚ ਆਇਆ, ਏਡਾ ਨਜ਼ਦੀਕੀ ਕੇ ਮੈਂ ਉਹਦੀ ਜ਼ਿੰਦਗੀ ਦਾ ਬਹੁਤ ਸਾਰਾ ਭਾਗ ਦੇਖ ਸਕਦੀ ਸੀ। ਉਹ ਸੀ ਮੇਰਾ ਪਤੀ। ਉਹ ਸੋਹਣਾ ਸੀ, ਜਵਾਨ ਸੀ, ਚਤਰ ਸੀ; ਮੈਂ ਉਸ ਤੇ ਮੋਹਿਤ ਹੋ ਗਈ। ਅਸੀਂ ਸ਼ਾਦੀ ਕਰ ਲਈ। ਮੇਰਾ ਯਕੀਨ ਹੈ ਕਿ ਜਦ ਮੈਂ ਉਸਨੂੰ ਪਹਿਲਾਂ ਜਾਨਣ ਲਗੀ ਉਸ ਵਿਚ ਕਮੀਨਾਪਨ ਨਹੀਂ ਸੀ, ਕੋਈ ਬੇ-ਤਰਸੀ ਨਹੀਂ ਸੀ। ਸ਼ਾਦੀ ਦੇ ਬਾਦ ਉਹ ਹਰ ਅਣਭਾਂਉਦੀ ਅਵਸਥਾ ਕੋਲੋਂ ਦੂਰ ਰਹਿਣ ਦਾ ਯਤਨ ਕਰਦਾ ਅਤੇ ਆਪਣੇ ਸੁਖ ਦੀ ਜਿੰਨੀ ਪਰਵਾਹ ਕਰਦਾ ਸੀ ਓਨੀ ਕਿਸੇ ਹੋਰ ਗਲ ਦੀ ਨਹੀਂ ਸੀ ਕਰਦਾ। ਓੜਕ ਉਹ ਉਹਨਾਂ ਕੰਮਾਂ ਤੇ ਉਤਰ ਆਇਆ ਜਿਹੜੇ ਮਨੁਖ ਦੀ ਸ਼ੁਹਰਤ ਤੇ ਧਬਾ ਲਾਉਂਦੇ ਹਨ। ਆਪਣੇ ਪਿਉ ਤੋਂ ਇਨਕਾਰੀ ਹੋ ਗਿਆ ਅਤੇ ਉਹਦਾ ਪਿਉ ਦੁਖਾਂ ਵਿਚ ਰੁਲਦਾ ਰਿਹਾ; ਉਸਨੇ ਭਰੋਸੇ ਤੋੜੇ, ਅਮਾਨਤਾਂ ਨੂੰ ਠੇਸਾਂ ਪਹੁੰਚਾਈਆਂ, ਤਾਂਕਿ ਆਪਣੇ ਆਪ ਨੂੰ ਬਚਾ ਕੇ ਰਖ ਸਕੇ, ਅਮੀਰ ਤੇ ਖੁਸ਼ਹਾਲ ਰਹਿ ਸਕੇ। ਉਹ ਇਕ ਹਦ ਤਕ ਬੜਾ ਕਾਮਯਾਬ ਸਮਝਿਆ ਗਿਆ, ਉਹਦੇ ਝੂਠ ਲੁਕੇ ਰਹੇ ਪਰ ਓੜਕ ਮੁਸੀਬਤ ਆ ਹੀ ਗਈ।"

ਮੈਂ ਆਪਣੇ ਪਤੀ ਨੂੰ ਉਸ ਵੇਲੇ ਇਹ ਕਹਿੰਦੇ ਸੁਣਿਆ ਸੀ, "ਕਦੀ ਮੈਨੂੰ ਪਤਾ ਹੁੰਦਾ ਇਸ ਘੜੀ ਦਾ" ਉਹ ਆਪ ਮੁਹਾਰੇ ਕਹਿ ਰਿਹਾ ਸੀ, " ਕਾਸ਼ ! ਮੇਰੇ ਇਹ ਬੀਤੇ ਵਰ੍ਹੇ ਫਿਰ ਮੇਰੇ ਕੋਲ ਆ ਜਾਣ ਅਤੇ ਫਿਰ ਮੈਂ ਕਦੀ ਨਾਂ ਇਹ ਦੁਹਰਾਵਾਂ----ਮੇਰੇ ਕਈ ਝੂਠ, ਕਈ ਈਰਖਾਵਾਂ, ਕਈ ਸ਼ੋਖ ਵਤੀਰੇ, ਕਈ ਕੌੜੇ ਬਚਨ, ਕਈ ਘਟੀਆਂ ਰੀਝਾਂ, ਕਈ ਚੁਗਲੀਆਂ, ਕਈ ਮੂਰਖਤਾਈਆਂ, ਅਨੇਕ ਨਿਰਾਸ਼ ਕੀਤੀਆਂ ਅੱਖਾਂ ਜਿੰਨਾਂ ਵਿਚ ਮੈਂ ਖਿਮਾਂ ਤਕ ਸਕਦਾ ਸੀ ਪਰ ਦੇਖੀ ਨਾ, ਨੇਕੀ ਕਰਨ ਦੀਆਂ ਕਈ ਗੁਆਈਆਂ ਘੜੀਆਂ, ਬੁਰਾਈ ਕਰਨ ਦੇ ਅਨੇਕਾਂ ਲਾਲਚ, ਅਨੇਕਾਂ ਦੁਖਾਏ ਦਿਲ, ਅਨੇਕਾਂ ਖੁਦਗਰਜੀਆਂ, ਅਨੇਕਾਂ ਟੁਟੇ ਭਰੋਸੇ, ਅਨੇਕਾਂ ਤੋੜੇ ਇਕਰਾਰ, ਨੇਕਾਂ ਮੈਲੀਆਂ ਨਜ਼ਰਾਂ, ਸਭ ਮੇਰੇ ਸਾਹਮਣੇ ਆ ਖਲੋਤੇ ਹਨ। ਇਹ ਮੇਰੀ ਸਾਰੀ ਉਮਰ ਦੀ ਕਾਰੀਗਰੀ ਕਿਸੇ ਕੰਮ ਨਹੀਂ ਆਈ। ਜੀ ਚਾਹੁੰਦਾ ਹੈ ਕੇ ਸ਼ਰਮਿੰਦਾ ਮੂੰਹ ਕਿਸੇ ਸਿੱਖਿਆ ਦੇਣ ਵਾਲੀ ਮਾਂ ਦੀ ਗੋਦ ਵਿਚ ਲੁਕਾਂਲਵਾਂ, ਕਦੀ ਛੋਟਾ ਬਚਾ ਹੋ ਜਾਵਾਂ ਤੇ ਜ਼ਿੰਦਗੀ ਦੇ ਦਰਵਾਜ਼ੇ ਉਪਰ ਖਲੋਤਾ ਹੋਵਾਂ, ਤੇ ਜੋ ਕੁਝ ਹੁਣ ਮੈਂ ਜ਼ਿੰਦਗੀ ਨੂੰ ਸਮਝਿਆ ਹੈ; ਉਹਦੇ ਚਾਨਣ ਵਿਚ ਮੁੜ ਜੀਵਨ ਆਪਣਾ ਮੈਂ ਜੀ ਉਸ ਕਾਂ "ਮੈਂ ਆਪਣੇ ਪਤੀ ਨੂੰ ਕਿਹਾ, "ਹੁਣ ਗੁਆਚਿਆ ਮੌਕਾ ਕਦੀ ਮਿਲ ਨਹੀਂ ਸਕੇਗਾ।"

ਇਨਸਾਫ ਨੇ ਆਪਣਾ ਦੋਸ਼ੀ ਫੜ ਲਿਆ। ਉਹ ਮੇਰਾ ਪਤੀ ਬੜੀ

ਚੰਦਰੀ ਮੌਤੇ ਮੋਇਆ। ਮੇਰੇ ਭੋਲੀ ਭਾਲੀ ਪੋਤਰੀ ਨੂੰ ਕਿਸੇ ਗਲ ਦੀ ਸਮਝ ਨਹੀਂ ਆ ਰਹੀ ਸੀ। ਮੈਂ ਰੁਕ ਗਈ। ਉਸਨੇ ਕਿਹਾ ਕਿ, "ਹੁਣ ਮੈਂ ਆਪਣੇ ਬਚਪਨ ਵਿਚ ਕੀ ਕਰਾਂ?" ਮੇਰੀ ਭੋਲੀ ਪੋਤਰੀ ਦੇ ਇਸ ਪ੍ਰਸ਼ਨ ਦੇ ਹਰ ਲਫਜ਼ ਦੀ ਆਵਾਜ਼ ਵਿਚ ਸੰਗੀਤ ਦੀ ਲੈਅ ਸੀ।

ਰਬੀਆ ਨੇ ਆਪਣੀ ਪੋਤਰੀ ਦੇ ਸਿਰ ਦੇ ਵਾਲ ਸੁਆਰੇ ਅਤੇ ਉਸਨੂੰ ਆਪਣੇ ਨਾਲ ਘੁਟ ਕੇ ਲਾਇਆ; ਉਹ ਖੁਸ਼ ਹੋ ਗਈ। ਰਬੀਆ ਵੀ ਖਿਚੋਤਾਨ ਵਿਚੋਂ ਵਾਪਸ ਪਰਤ ਆਈ।

ਇੰਦਰ ਸਭ ਕੁਝ ਵੇਖ ਰਿਹਾ ਸੀ, ਉਹਨਾ ਸੁਤਾ ਸੀਨਾ ਜਾਗ ਰਿਹਾ ਸੀ; ਉਸਨੂੰ ਇਹ ਬੜੀ ਅਜੀਬ ਅਵਸਥਾ ਲਗ ਰਹੀ ਸੀ। ਇੰਦਰ ਨੇ ਦੇਖਿਆ ਇਹ ਕੀ ਹੋ ਗਿਆ ਹੈ ਰੱਬੀਆ ਤਾਂ ਨਜ਼ਰ ਨਹੀਂ ਆ ਰਹੀ ਪਰ ਉਸ ਦੀ ਜਗਾਹ ਤੇ ਇੰਦਰ ਦੀ ਪਤਨੀ ਬੀਰਾਂ ਬੈਠੀ ਹੋਈ ਹੈ। ਇੰਦਰ ਨੇ ਸੋਚਿਆ, "ਇਹ ਕੀ ਗਲ ਮੇਰੀ ਪਤਨੀ ਨੂੰ ਪੂਰੇ ਹੋਇਆਂ ਤਾਂ ਅਠ ਸਾਲ ਹੋ ਗਏ ਹਨ। ਹਰੇ ਰੰਗ ਦਾ ਸੂਟ ਜੋ ਉਸਨੂੰ ਪਸੰਦ ਸੀ ਉਹ ਉਸਨੇ ਪਹਿਨਿਆ ਹੋਇਆ ਹੈ। ਰੱਬੀਆ ਦੀ ਪੋਤਰੀ ਦੀ ਜਗਾਹ ਤੇ ਸਾਡੀ ਆਪਣੀ ਪੋਤਰੀ ਬੈਠੀ ਹੈ। ਮੇਰੀ ਪਤਨੀ ਸਾਡੀ ਆਪਣੀ ਪੋਤਰੀ ਨਾਲ ਗਲਾਂ ਕਰ ਰਹੀ ਹੈ। ਮੇਰੀ ਪਤਨੀ ਬੀਰਾਂ ਹੁਣ ਆਪਣੀ ਪੋਤਰੀ ਨੂੰ ਕਹਿ ਰਹੀ ਸੀ ਕਿ ਅਜੇ ਤੂੰ ਛੋਟੀ ਹੈਂ। ਮੈਂ ਤੈਨੂੰ ਬਚਪਨ ਕਿਸ ਤਰ੍ਹਾਂ ਬਤੀਤ ਕਰਨਾ ਹੈ ਉਹ ਸਮਝਾਂਦੀ ਹਾਂ। ਬੀਰਾਂ ਨੇ ਦਸਨਾ ਸ਼ੁਰੂ ਕੀਤਾ, " ਪੁਤਰੀ! ਬਚਪਨ ਵਿਚ ਹੀ ਭੈਣ ਭਰਾਵਾਂ ਅਤੇ ਸਾਥੀਆਂ ਨਾਲ ਖੇਡਣ ਦਾ ਸੁਆਦ ਆਉਂਦਾ ਹੈ। ਬਚਪਨ ਵਿਚ ਹੀ ਸਹੇਲੀਆਂ ਚਿਰਾਂ ਤਕ ਸਾਥ ਨਿਭਾਣ ਵਾਲੀਆਂ ਹੁੰਦੀਆਂ ਹਨ। ਇਸ ਕਰਕੇ ਤੂੰ ਭੈਣ ਭਰਾਵਾਂ ਅਤੇ ਸਾਥੀਆਂ ਨਾਲ ਵਫਾਦਾਰ ਰਹੀ। ਕਦੇ ਆਪਣੇ ਆਪ ਨੂੰ ਸਚਿਆਂ ਸਾਬਤ ਕਰਨ ਲਈ ਦੋਸ਼ ਉਹਨਾਂ ਸਿਰ ਨਾ ਥਪੀ। ਹਿਸਾ ਵਧ ਲੈ ਕੇ ਰਾਜੀ ਨਾ ਹੋਵੀ; ਬਰਾਬਰ ਦਾ ਜਾਂ ਘਟ ਲਈ ਅਤੇ ਫਿਰ ਤੂੰ ਖੁਸ਼ ਰਹੇਗੀ। ਮਾਂ ਪਿਤਾ ਕੋਲੋਂ ਮਹਿੰਗੀਆਂ ਚੀਜ਼ਾਂ ਦੀ ਮੰਗ ਨਾ ਕਰੀ। ਮਾਪੇ ਬਚਿਆਂ ਨੂੰ ਵਿਰਵਾ ਰਖ ਕੇ ਖੁਸ਼ ਨਹੀਂ ਹੁੰਦੇ। ਉਹ ਹਮੇਸ਼ਾ ਆਪਣੀ ਸਮਰਥਾ ਅਨੁਸਾਰ ਦਿੰਦੇ ਹੀ ਰਹਿਣਗੇ। ਆਪਣੇ ਅਧਿਆਪਕਾਂ/ ਅਧਿਆਪਕਾਵਾਂ ਦਾ ਸਤਿਕਾਰ ਕਰੀ। ਜਿਨਾਂ ਦੇ ਦਿਲ ਵਿਚ ਉਹਨਾਂ ਬਾਰੇ ਸਤਿਕਾਰ ਨਹੀਂ ਉਹਨਾਂ ਦੀ ਸਿਖਿਆ ਅਧੂਰੀ ਰਹੇਗੀ। ਸਕੂਲ ਦੀਆਂ ਖੇਡਾਂ ਵਿਚ ਜ਼ਰੂਰ ਹਿਸਾ ਲਵੀ। ਖੇਡਾਂ ਵਿਚ ਜਿਤ ਹਜਮ ਕਰਨ ਦੀ ਅਤੇ ਹਾਰ ਜਰਣ ਦੀ ਜਾਚ ਆਉਂਦੀ ਹੈ, ਮਿਲਵਰਤਨ ਦੀ ਜਾਚ ਆਉਂਦੀ ਹੈ, ਅਨੋਖੀ ਕਿਸਮ ਦੇ ਇਨਸਾਫ, ਬਹਾਦਰੀ, ਸਖਾਵਤ, ਬੇ-ਗਰਜ਼ੀ ਦੇ ਅਹਿਸਾਸ ਪੈਦਾ ਹੁੰਦੇ ਹਨ, ਜਿਹੜੇ ਹੋਰ ਕਿਸੇ ਤਰ੍ਹਾਂ ਪੈਦਾ ਨਹੀਂ ਹੋ ਸਕਦੇ। ਖੇਡ ਵਿਚ ਤੂੰ ਆਪਾ ਭੁਲ ਜਾਵੇਂਗੀ ਤੇ ਇਹ ਖੇਡ ਖੁਲ੍ਹੇ ਮੈਦਾਨ ਵਿਚ ਖੇਡੀ ਜਾਣ ਵਾਲੀ ਹੋਵੇ। ਜਿਸ ਨਾਲ ਖੇਡ ਲਿਆ ਉਸ ਦਾ ਦੁਸ਼ਮਣ ਬਨਣਾ ਸੁਖਾਲਾ ਨਹੀਂ ਹੁੰਦਾ। ਜਦੋਂ ਤੇਰੇ ਤੇ ਬੁਢਾਪਾ ਵੀ ਆ ਗਿਆ ਤਾਂ ਵੀ ਖੇਡ ਜਾਰੀ ਰਖੀ। ਖੁਸ਼ੀ ਦਾ ਸਭ ਤੋਂ ਚੰਗਾ ਸੋਮਾ ਖੇਡ ਹੈ। ਖੇਡ ਦਾ ਅਭਿਆਸ ਅਖੀਰ ਤਕ ਰਖੀ। ਕਮਜ਼ੋਰ ਸਹੇਲੀਆਂ ਅਤੇ ਸਾਥੀਆਂ ਨੂੰ ਛੇੜ ਕੇ ਕਦੀ ਖੁਸ਼ ਨਾ ਹੋਵੀ। ਕਮਜ਼ੋਰਾਂ ਦੀ ਤਾਕਤ ਵਧਾਵੀਂ। ਸਿਹਤ ਦਾ ਖਿਆਲ ਰਖੀ। ਬਚਪਨ ਵਿਚ ਚੰਗਾ ਖਾਣਾ, ਚੰਗਾ ਸੌਣਾਂ ਅਤੇ ਪੜ੍ਹਨਾ ਅਤੇ ਖੇਡਣਾਂ ਬੜੇ ਜ਼ਰੂਰੀ ਹਨ। ਚੰਗੀ ਸੇਹਤ ਵਾਲੇ ਨੂੰ ਔਂਕੜਾਂ ਅਤੇ ਮੁਸੀਬਤਾਂ ਔਖੀਆਂ ਨਹੀਂ ਲੱਗਣਗੀਆਂ। ਮਾੜੀ ਸੇਹਤ ਵਿਚ ਮਾੜੀ ਜਹੀ ਨੁਕਤਾਚੀਨੀ ਅਤੇ ਥੋੜ੍ਹੀ ਜਹੀ ਨਿਰਾਸਤਾ ਵੀ ਦੁਖੀ ਕਰ ਦਿੰਦੀ ਹੈ। ਆਪਣੀਆਂ ਪਹਿਲੀਆਂ ਜਮਾਤਾਂ ਵਾਲੀਆਂ ਕਿਤਾਬਾਂ ਵਿਚ ਜੋ ਲਿਖਿਆ ਹੋਵੇ ਉਹਨਾਂ ਗਲਾਂ ਵਲ ਪੂਰਾ ਧਿਆਨ ਦੇਵੀ। ਫਿਰ ਤੂੰ ਬੜੀ ਅਕਲ ਵਾਲੀ ਇਨਸਾਨ ਬਣ ਜਾਵੇਗੀ। ਤੇਰਾ ਗਿਆਨ ਵਧ ਜਾਵੇਗਾ। ਪੋਤਰੀ ਇਕ ਮੂਰਤ ਬਣੀ ਹੋਈ ਸੀ ਅਤੇ ਬੋਲੀ, "ਹਾਂ ਦਾਦੀ ਮਾਂ ਮੈਨੂੰ ਖੇਡ ਚੰਗੀ ਲਗਦੀ ਹੈ।"

ਸਾਡੀ ਪੋਤਰੀ ਬੜੇ ਧਿਆਨ ਨਾਲ ਦਾਦੀ ਮਾਂ ਦੀਆਂ ਗਲਾ ਸੁਣ ਰਹੀ ਸੀ। ਦਾਦੀ ਮਾਂ ਨੇ ਕਿਹਾ ਬਾਕੀ ਗਲਾ ਜਦੋਂ ਤੂੰ ਪੰਦਰਾਂ ਸਾਲ ਦੀ ਹੋਈ ਤਾਂ ਫਿਰ ਤੇਰੇ ਕੋਲ ਆਵਾਂਗੀ ਅਤੇ ਤੇਰੇ ਨਾਲ ਹੋਰ ਗਲਾਂ ਕਰਾਂਗੀ। ਹੁਣ ਤੂੰ ਜੋ ਗਲਾਂ ਅਸੀਂ ਕੀਤੀਆਂ ਹਨ ਉਹਨਾਂ ਤੇ ਅਮਲ ਕਰਨਾ।"

ਜਾਦੀ ਵਾਰੀ ਬੀਰਾਂ ਕਹਿ ਗਈ ਮੈਨੂੰ ਯਾਦ ਨਾ ਕਰਿਆ ਕਰੋ, ਮਰਿਆ ਨੂੰ ਯਾਦ ਕਰਨਾ ਰਬ ਦੀ ਮਰਜ਼ੀ ਦੇ ਵਿਰੁਧ ਚਲਣਾ ਹੈ। ਇੰਦਰ ਨੇ ਮਹਿਸੂਸ ਕੀਤਾ ਕਿ, "ਉਹਦੀ ਪਤਨੀ ਗਾਇਬ ਹੋ ਗਈ ਸੀ। ਇੰਦਰ ਚੁਪ ਸੀ ਪਰ ਉਸਨੂੰ ਨੀਂਦ ਨਹੀਂ ਆ ਰਹੀ ਸੀ। ਉਹ ਜੀਵਨ ਵਿਚ ਉਲਝ ਗਿਆ ਸੀ। ਉਸ ਦੀ ਖਾਹਸ਼ ਸੀ ਕੋਈ ਰਸਤਾ ਦਸੇ ਇਸ ਬੇ-ਬਸੀ ਵਿਚੋਂ ਬਾਹਰ ਨਿਕਲਣ ਦਾ। ਉਸਨੇ ਕਿਹਾ, ਆਓ ਸੁਭਾਗੀ ਨੀਦੜੀਏ ਮਤ ਮੈਨੂੰ ਭੁਲਾਅ। ਬੜੇ ਪਾਸੇ ਪਲਸੇਟੇ ਮਾਰੇ ਓੜਕ ਦਿਨ ਚੜ੍ਹਨ ਤੋਂ ਕੁਝ ਦੇਰ ਪਹਿਲਾਂ ਨੀਂਦ ਆ ਹੀ ਗਈ। ਨੀਦ ਵਿਚ ਇੰਦਰ ਨੂੰਸ ਸੁਪਨਾ ਆਇਆ। ਏਡਾ ਸੋਹਣਾ ਸੁਪਨਾ। ਉਸਦੇ ਸਾਹਮਣੇ ਦੁਧ ਚਿਟੀ ਸਾੜ੍ਹੀ ਪਾਈ ਇਕ ਇਸਤਰੀ ਬੈਠੀ ਹੋਈ ਹੈ। ਉਸਨੂੰ ਵੇਖ ਕੇ ਸੋਗੀ ਪਰਦਾ ਚੁਕਿਆ ਗਿਆ। ਇੰਦਰ ਦੇ ਪੁਛਣ ਤੋਂ ਪਹਿਲਾਂ ਹੀ ਉਸਨੇ ਕਿਹਾ, "ਮੈਂ ਜ਼ਿੰਦਗੀ ਹਾਂ। ਤੁਸੀਂ ਜੀਵਨ ਤੋਂ ਨਿਰਾਸ਼ ਹੋ ਗਏ ਹੋ ਇਸ ਕਰਕੇ ਮੈਂ ਤੁਹਾਡੇ ਕੋਲ ਆਈ ਹਾਂ। ਤੁਸੀਂ ਮੈਨੂੰ ਉਲਾਮਾ ਦੇ ਰਹੇ ਸੀ : ਕੇ ਮੇਰੇ ਕੋਲ ਖੁਸ਼ੀ ਨਹੀਂ, ਦੁਨੀਆਂ ਤੋਂ ਦਿਲ ਤੰਗ ਪੈ ਗਿਆ ਹੈ, ਮੈਨੂੰ ਹਰ ਕੋਈ ਸਮਝਣ ਤੋਂ ਇਨਕਾਰ ਕਰ ਰਿਹਾ ਏ, ਸਭ ਕੰਮ ਬੇ-ਅਰਥ ਲਗਦੇ ਨੇ, ਕਿਸੇ ਨੂੰ ਮੇਰੀ ਚਾਹ ਨਹੀਂ, ਕਿਸੇ ਨੂੰ ਮੇਰੀ ਉਡੀਕ ਨਹੀਂ, ਨਾ ਮੈਂ ਕਿਸੇ ਨੂੰ ਉਡੀਕਦਾ ਹਾਂ, ਕਿਸੇ ਨੂੰ ਸੁਨੇਹਾ ਦੇਣ ਲਈ ਮੇਰੇ ਕੋਲ ਨਹੀਂ, ਕਿਸੇ ਨੂੰ ਮੇਰੇ ਸੁਨੇਹੇ ਦੀ ਲੋੜ ਨਹੀਂ, ਕੋਈ ਮੇਰੇ ਨਾਲ ਦਿਲ ਦੀ ਗਲ ਨਹੀਂ ਕਰਦਾ, ਮੇਰੇ ਦਿਲ ਵਿਚ ਕੋਈ ਆਸ ਨਹੀਂ, ਬਿਲਕੁਲ ਕੋਈ ਨਾਂ! ਕਿਸੇ ਨੂੰ ਮੇਰੀ ਗਲਵਕੜੀ ਦੀ ਚਾਹ ਨਹੀਂ। ਹੈ ਨਾ ਇਹੋ ਸੋਚ ਰਹੇ ਸੀ?"

ਜ਼ਿੰਦਗੀ ਬੋਲਦੀ ਗਈ, "ਮੈਂ ਬੋਲ ਕੇ ਬੜਾ ਕੁਝ ਦਸ ਸਕਦੀ ਹਾਂ ਪਰ ਪਹਿਲਾਂ ਤੁਸੀਂ ਆਪਣੇ ਆਲੇ-ਦੁਆਲੇ ਨੂੰ ਖੂਬ ਤਕੋ, ਤਕੋ, ਤਕਦੇ ਜਾਓ।"

ਮੈਂ ਨੀਝ ਲਾ ਕੇ ਤਕਿਆ, "ਚੰਨਾਂ, ਸੂਰਜਾਂ, ਤਾਰਿਆਂ ਨਾਲ ਛੁਲਕਦੀ ਇਕ ਅਸਚਰਜ ਝਾਤੀ ਹੈ ਵਾਤਾਵਰਣ ਖਿੜਿਆ

ਖਿੜਿਆ ਦਿਸ ਰਿਹਾ ਹੈ। ਪੰਛੀ ਟੈਹਣੀਆਂ ਵਿਚ ਫੁਦਕ ਅਤੇ ਗੌਂ ਰਹੇ ਹਨ, ਜਾਨਵਰ ਦੌੜਦੇ ਨੇ, ਬ੍ਰਿਛ ਮਸਤੀ ਵਿਚ ਝੂਮਦੇ ਨੇ, ਤੋਤੇ, ਸਾਵਣ ਆਇਆ ਏ, ਬਾਦਲ ਦੀਆਂ ਘਟਾ ਛਾਈਆਂ ਨੇ, ਬਰਸੇ ਕੇ ਬਰਸੇ, ਮੋਰ ਪੈਲਾਂ ਪਾ ਰਹੇ ਨੇ ਅਤੇ ਮੋਰਨੀਆਂ ਉਹਨਾਂ ਦੇ ਡਿਗੇ ਅਥਰੂ ਪੀ ਰਹੀਆਂ ਸਨ, ਕਮਾਲ ਹੈ ਮੋਰਨੀਆਂ ਅਥਰੂ ਪੀ ਕੇ ਗਰਭਵਤੀ ਹੋ ਜਾਂਦੀਆਂ ਹਨ, ਪਪੀਹੇ, ਘੁੱਗੀਆਂ ਸਾਥੀਆਂ ਨਾਲ ਕਲੋਲ ਕਰਦੇ ਖੁਸ਼ੀ ਵਿਚ ਮਿਉਂਦੇ ਨਹੀਂ, ਪੌਣ ਰੁਮਕਦੀ ਏ, ਫੁਲ ਖਿੜਦੇ ਨੇ! ਬੜੇ ਸੋਹਣੇ ਜੰਗਲ, ਨਚਦੀਆਂ ਨਦੀਆਂ, ਦੌਲਤਾਂ ਨਾਲ ਆਫਰੇ ਪਹਾੜ ਅਤੇ ਸਮੁੰਦਰ, ਮਹਿਕਦੇ ਬਾਗ, ਖੁਲੀਆਂ ਚਰਾਦਾਂ ਅਤੇ ਉਹਨਾਂ ਵਿਚ ਸੋਹਣੇ ਘੋੜੇ, ਬੈਲ, ਗਾਵਾਂ, ਬਕਰੀਆਂ, ਭੇਡਾਂ ਅਤੇ ਹੋਰ ਕਈ ਜਾਨਵਰ ਚੁਗ ਰਹੇ ਹਨ। ਜ਼ਿੰਦਗੀ ਮੈਨੂੰ ਇਹ ਸ਼ਾਨਾਂ ਭਰੇ ਦਿਰਸ਼ਾਂ ਉਪਰ ਉਡਾਈ ਜਾ ਰਹੀ ਸੀ। ਸੁਪਨੇ ਵਿਚ ਜ਼ਿੰਦਗੀ ਨੇ ਕਿਹਾ ਕਿ ਤੂੰ ਮੈਨੂੰ ਉਲਾਮਾ ਦੇ ਰਿਹਾ ਸੀ ਨਾ? ਦੇਖ ਮੈਂ ਤੇਰੀ ਥਕੀ ਰੂਹ ਨੂੰ ਤਾਜ਼ਾ ਕਰਨ ਆਈ ਹਾਂ, ਤੇਰੇ ਰੁਸਵੇ, ਜ਼ਲੀਲ, ਠੁਕਰਾਏ ਦਿਲ ਨੂੰ ਮੈਂ ਖੁਸ਼ੀਆਂ ਦੇ ਤਖਤ ਤੇ ਬਿਠਾਣ ਆਈ ਹਾਂ। ਤੈਨੂੰ ਮਿਠੇ ਤੋਂ ਮਿਠਾ ਰਾਗ ਸੁਨਾਣ ਆਈ ਹਾਂ, ਛੈਲ ਛਬੀਲਾ ਹੁਸਨ ਦਿਖਾਣ ਆਈ ਹਾਂ ਜਿਥੇ ਭੁਖਾਂ ਲਹਿੰਦੀਆਂ ਹਨ, ਤੇਰੇ ਜੀਵਨ ਦੀਆਂ ਰੜਕਾਂ ਦੂਰ ਕਰਨ ਆਈ ਹਾਂ, ਰਬ ਦਿਸਦਾ ਹੈ ਵਿਖਾਣ ਆਈ ਹਾਂ। ਜ਼ਿੰਦਗੀ ਮੇਰੇ ਨਾਲ ਉਡਦੀ ਮੈਨੂੰ ਵਡੇ ਜੰਗਲ ਵਿਚ ਲੈ ਗਈ। ਇਥੇ ਦੇਖ ਕਹਿੰਦੀ ਗਈ; ਔਹ ਹਿਰਨ ਹਿਰਨੀਆਂ ਦੇ ਵਗ੍ਹ ਚੁੰਗੀਆਂ ਭਰਦੇ ਹੋਏ, ਹਾਥੀਆਂ ਦੇ ਟੋਲੇ ਮਸਤੀ ਨਾਲ ਚਲਦੇ ਹੋਏ, ਦਰਿਆਵਾਂ ਵਿਚ ਚੁਭੀਆਂ ਲਗਾਉਂਦੇ ਹੋਏ, ਦਰਿੰਦੇ ਸ਼ੇਰ ਅਤੇ ਵੇਖ ਮੇਰੇ ਜੰਗਲਾਂ, ਦਰਿਆਵਾਂ ਅਤੇ ਪਹਾੜਾਂ ਵਿਚ ਬੇਅੰਤ ਜੀਵ ਮਨੁਖਾ ਨਾਲੋਂ ਕਈ ਗੁਣਾਂ ਜ਼ਿਆਦਾ ਇਹ ਜੰਮਦੇ ਵੀ ਹਨ ਮਰਦੇ ਵੀ ਨੇ, ਦਰਿੰਦੇ ਜਾਨਵਰ ਤਾਂ ਦੂਸਰੇ ਜਾਨਵਰਾਂ ਨੂੰ ਮਾਰਦੇ ਵੀ ਅਤੇ ਖਾ ਵੀ ਜਾਂਦੇ ਹਨ, ਫਿਰ ਵੀ ਕੀ ਤੂੰ ਕਿਸੇ ਨੂੰ ਸੋਗੀ ਵੇਖਿਆ? ਕਿਸੇ ਥਾਂ ਮੋਏ ਹੋਏ ਸੜਦੇ ਜਨੌਰ ਵੇਖੇ ਨੇ? ਜਦ ਤਕ ਜੀਵਨ ਹੈਲਟ-ਲਟ ਜੀਉਂਦੇ ਹਨ। ਜਦੋਂ ਮੌਤ ਆ ਗਈ, ਆ ਗਈ ਬਸ ਜੀਵਨ ਮੁਕ ਗਿਆ। ਕੀ ਤੂੰ ਇਥੇ ਕੋਈ ਰੋਂਦਾਂ ਪਿਟਦਾ ਵੇਖਿਆ ਹੈ? ਕੀ ਕਿਸੇ ਵਿਧਵਾ ਹੁਸਨ ਦੀਆਂ ਜੁਲਫਾਂ ਰੁਲਦੀਆਂ ਵੇਖੀਆਂ ਨੇ? ਕਿਸੇ ਸੁਹਾਗ ਨੂੰ ਅਣਚਾਹੇ ਸਾਥੀ ਦੇ ਕਬਜ਼ੇ ਵਿਚ ਵਿਆਕੁਲ ਹੁੰਦਾ ਵੇਖਿਆ ਹੈ? ਨਹੀਂ ਨਾ। ਸਾਰੀ ਸਰਿਸ਼ਟੀ ਖੁਸ਼ ਫਿਰ ਰਹੀ ਹੈ।"

ਜ਼ਿੰਦਗੀ ਬੋਲਦੀ ਗਈ, "ਹੁਣ ਮੈਂ ਤੈਨੂੰ ਪੁਛਦੀ ਹਾਂ, ਕਿ ਤੂੰ ਇਹ ਬੇਲੋੜਾ ਦੁਖ ਕਿਥੋਂ ਲੈ ਆਂਦਾ? ਮੇਰੇ ਅੰਦਰ ਤਾਂ ਦੁਖਾ ਦਾ ਕੋਈ ਬੀਜ ਨਹੀਂ। ਤੂੰ ਤੇ ਮੇਰਾ ਸੁਚੇਤ ਭਾਗ ਹੈਂ ਅਤੇ ਬਾਕੀ ਦੇ ਜੀਵ ਤਾਂ ਮੇਰੇ ਅਚੇਤ ਭਾਗ ਹੈਂਨ। ਮੇਰੇ ਅਚੇਤ ਭਾਗ ਦੀਆਂ ਖੁਸ਼ੀਆਂ ਤਾਂ ਸਿਰਫ ਖਾਣ, ਪੀਣ, ਰਹਿਣ ਅਤੇ ਪਿਆਰਨ ਤੋਂ ਅਗੇ ਨਹੀਂ ਜਾ ਸਕਦੀਆਂ। ਮਨੁਖ ਜਾਤੀ ਦੀਆਂ ਖੁਸ਼ੀਆਂ ਦੀ ਕੋਈ ਹਦ ਨੀਯਤ ਨਹੀਂ। ਚਾਹੇ ਤਾਂ ਮੇਰੀ ਕੁਦਰਤ ਨੂੰ ਭੰਨ ਕੇ ਨਵਾਂ ਘੜ ਸਕਦਾ ਹੈ, ਦਰਿਆਵਾਂ ਦੇ ਰਾਹ ਮੋੜ ਸਕਦਾ ਹੈ, ਪੌਣ-ਪਾਣੀ ਦੇ ਅਸਰ ਵਟਾ ਸਕਦਾ ਹੈ, ਨਵੇਂ ਹੁਸਨ, ਨਵੀਆਂ ਰੀਝਾਂ, ਨਵੇਂ ਸੁਆਦ, ਨਵੇਂ ਵਲਵਲੇ, ਨਵੇਂ ਹੁਨਰ, ਨਵੇਂ ਰਾਗ ਰਾਗਣੀਆਂ, ਨਵਾਂ ਸਾਹਿਤ, ਇਹਨੂੰ ਕਿਸੇ ਦੀ ਸੁਰਖਿਆ ਦੀ ਲੋੜ ਨਹੀਂ, ਬਾਕੀ ਦੇ ਜੀਵ ਇਸ ਤੋਂ ਤਰੈਂਦੇ ਹਨ, ਇਸ ਨੂੰ ਕਿਸੇ ਚਿੰਤਾਂ ਦੀ ਲੋੜ ਨਹੀਂ, ਇਹ ਮੇਰੀ ਅਮੁਕਤਾ ਨਾਲ ਜੁੜਿਆ ਹੈ- ਸੁਚੇਤ ਮਨੁਖ ਮੇਰੇ ਥਲਾਂ ਨੂੰ ਗੁਲਜਾਰ ਬਣਾ ਸਕਦਾ ਹੈ, ਇਹ ਹਨੇਰੇ ਰੌਸ਼ਣ ਕਰ ਸਕਦਾ ਹੈ, ਗੰਦਗੀ ਨੂੰ ਫੁਲਾਂ ਵਿਚ ਵਟਾ ਸਕਦਾ ਹੈ, ਇਹ ਦਲਦਲਾਂ ਵਿਚ ਸੋਹਣੇ ਸ਼ਹਿਰ ਵਸਾ ਸਕਦਾ ਹੈ ਅਤੇ ਹੋਰ ਕੀ ਨਹੀਂ ਕਰ ਸਕਦਾ।"

ਜ਼ਿੰਦਗੀ ਨੇ ਤਾੜਨਾ ਨਾਲ ਕਿਹਾ, "ਮਨੁਖ ਨੂੰ ਗਲਤੀ ਲਗ ਗਈ ਹੈ। ਇਸਨੂੰ ਦੁਸ਼ਮਨਾਂ ਦਾ ਭੁਲੇਖਾ ਪੈ ਗਿਆ, ਦੁਸ਼ਮਨਾਂ ਦੇ ਖਿਲਾਫ ਇਸ ਨੇ ਹਥਿਆਰ ਘੜੇ, ਛਾਉਣੀਆਂ ਪਾਈਆਂ, ਖਤਰਨਾਕ ਬੇੜੇ ਬਣਾਏ। ਏਸ ਦੌੜ ਭਜ ਵਿਚ ਇਹਨੂੰ ਜਿਉਣਾਂ ਭੁਲ ਗਿਆ, ਹਾਰ ਦੇ ਸਹਿਮ ਨਾਲ ਇਸ ਦੀਆਂ ਤਮਾ ਸੁਕੜ ਗਈ, ਇਸ ਨੇ ਆਪਣੇ ਦਾਇਰੇ ਛੋਟੇ ਕਰ ਲਏ, ਨਫਰਤ ਨਾਲ ਇਸਨੇ ਆਪਣਾ ਦਿਲ ਕੌੜਾ ਕਰ ਲਿਆ। ਇਸ ਸਭ ਨੂੰ ਠੀਕ ਕਰਨ ਦੀ ਸਮਰਥਾ ਵੀ ਇਸ ਕੋਲ ਹੈ। ਜ਼ਿੰਦਗੀ ਨੇ ਕਿਹਾ ਮੈਨੂੰ ਪੂਰਾ ਦਾਹਵਾ ਹੈ ਅਤੇ ਮੈਂ ਇਸ ਨੂੰ ਆਵਾਜ਼ ਵੀ ਦੇ ਰਹੀ ਹਾਂ ਕਿ, ਮਨੁਖ! ਤੈਨੂੰ ਖੁਦ ਨੂੰ ਫਿਰ ਸਵਰਨਾ ਹੋਵੇਗਾ।"

ਇੰਦਰ ਦਾ ਸੁਪਨਾ ਟੁਟ ਗਿਆ। ਸੁਪਨੇ ਵਿਚ ਆਈ ਇਸਤਰੀ ਜ਼ਿੰਦਗੀ ਕੀ ਕਰ ਗਈ ਸੀ। ਇੰਦਰ ਨੂੰ ਆਪਣਾ ਮੰਨ ਮਤਵਾਲਾ ਲਗਾ ਜਿਸ ਤਰ੍ਹਾਂ ਕਿਸੇ ਨੇ ਉਸ ਤੇ ਜਾਦੂ ਕਰ ਦਿਤਾ ਹੋਵੇ। ਰਜਾਈ ਅਧੀ ਮੰਜੀ ਤੋਂ ਹੇਠਾਂ ਲਟਕ ਰਹੀ ਸੀ।

ਉਸਦੇ ਪੋਤਰੇ ਨੇ ਉਚੀ ਜਹੀ ਕਿਹਾ, "ਦਾਦੂ ਉਠੋ।"

ਇੰਦਰ ਦੇ ਚੇਹਰੇ ਤੇ ਛੋਟੇ ਬਚਿਆ ਜੈਸੀ ਮੁਸਕਾਨ ਸੀ।

**ਸਤੰਬਰ**, 2017

*****

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂੰ ਰੁੱਲ ਜਾਵੋਗੇ

# ਹੋਰ ਪੱਛੜੀਆਂ ਸ਼੍ਰੇਣੀਆਂ (OBC) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ

ਕੇਂਦਰੀ ਸਰਕਾਰ ਵੱਲੋਂ ਜਾਰੀ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਲੁਬਾਣਾ ਜਾਤੀ ਵੀ ਹੋਰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹੈ। ਜਿਸ ਅਧੀਨ ਕੇਂਦਰੀ ਸਰਕਾਰ ਦੀਆਂ ਵਿੱਦਿਅਕ ਸੰਸਥਾਵਾਂ, ਆਈ.ਟੀ.ਆਈ., ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਨੌਕਰੀਆਂ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ 27% ਦਾ ਰਾਖਵਾਂਕਰਨ ਦਿੱਤਾ ਹੋਇਆ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਓ.ਬੀ.ਸੀ. ਸ਼੍ਰੇਣੀਆਂ ਨੂੰ ਵਿੱਦਿਆ ਵਿਚ 12% ਅਤੇ ਨੌਕਰੀਆਂ ਵਿਚ ਸਿਰਫ਼ 5% ਰਾਖਵਾਂਕਰਨ ਹੀ ਦਿੱਤਾ ਹੋਇਆ ਹੈ। ਜਿਸ ਵਿਚ ਵਾਧਾ ਕਰਨ ਦੀ ਮੰਗ ਲਗਾਤਾਰ ਚੱਲ ਰਹੀ ਹੈ। ਬਰਾਦਰੀ ਦੇ ਹੋਣਹਾਰ ਬੱਚਿਆਂ ਵੱਲੋਂ ਅਜਿਹੇ ਵੱਖ-ਵੱਖ ਵਿੱਦਿਆ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਅਤੇ ਨੌਕਰੀਆਂ ਵਿਚ ਓ.ਬੀ.ਸੀ. ਕੋਟੇ ਅਧੀਨ ਅਪਲਾਈ ਕਰਨ ਲਈ ਹਲਕੇ ਦੇ ਐਸ.ਡੀ.ਐਮ. ਵੱਲੋਂ ਜਾਰੀ ਕੀਤਾ ਹੋਇਆ ਓ.ਬੀ.ਸੀ. ਸਰਟੀਫਿਕੇਟ ਬੱਚਿਆਂ ਪਾਸ ਹੋਣਾ ਜ਼ਰੂਰੀ ਹੈ। ਆਮ ਧਾਰਨਾ ਹੈ ਕਿ ਜ਼ਿਆਦਾ ਆਮਦਨ ਵਾਲੇ ਮਾਪਿਆਂ ਅਤੇ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਕਰਦੇ ਦੋਨੋਂ ਪਤੀ-ਪਤਨੀ ਦੇ ਬੱਚੇ ਓ.ਬੀ.ਸੀ. ਲਈ ਬਣੀ ਸਲਾਨਾ 8 ਲੱਖ ਦੀ ਆਮਦਨ ਦੀ ਕਰੀਮੀ ਲੇਅਰ ਦੀ ਹੱਦ ਕਾਰਨ ਸਰਟੀਫਿਕੇਟ ਲੈਣ ਦੇ ਯੋਗ ਨਹੀਂ ਹਨ।

ਸਾਰਿਆਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕਰੀਮੀ ਲੇਅਰ ਦੀ 8 ਲੱਖ ਦੀ ਆਮਦਨ ਹੱਦ ਵਿਚ ਨੌਕਰੀ ਤੋਂ ਮਿਲਦੀ ਤਨਖਾਹ ਅਤੇ ਜ਼ਮੀਨੀ ਖੇਤੀ ਆਮਦਨ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ। ਜਿਨ੍ਹਾਂ ਮਾਪਿਆਂ ਦੀ ਇਸ ਤੋਂ ਇਲਾਵਾ ਹੋਰ ਸਾਧਨਾਂ ਤੋਂ ਕੁੱਲ ਆਮਦਨ ਸਲਾਨਾ 8 ਲੱਖ ਰੁਪਏ ਤੋਂ ਵੱਧ ਹੈ ਉਹ ਕਰੀਮੀ ਲੇਅਰ ਅਧੀਨ ਇਸ ਸਰਟੀਫਿਕੇਟ ਲਈ ਯੋਗ ਨਹੀਂ ਹਨ। ਇਸ ਤੋਂ ਇਲਾਵਾ ਕੈਟਾਗਰੀ 'ਏ', 'ਬੀ' ਆਦਿ ਵਿਚ ਸਿੱਧੇ ਭਰਤੀ ਹੋਏ ਮਾਪਿਆਂ ਦੇ ਬੱਚੇ ਵੀ ਇਸ ਰਾਖਵਾਂਕਰਨ ਸਰਟੀਫਿਕੇਟ ਲਈ ਯੋਗ ਨਹੀਂ ਹਨ। ਅਜਿਹੇ ਮਾਪੇ ਜਿਹੜੇ ਕੈਟਾਗਰੀ 'ਸੀ' ਅਤੇ 'ਡੀ' ਵਿਚ ਭਰਤੀ ਹੋ ਕੇ 45 ਸਾਲ ਦੀ ਉਮਰ ਤੋਂ ਬਾਅਦ ਪਦਉੱਨਤ ਹੋ ਕੇ ਕੈਟਾਗਰੀ 'ਏ' ਅਤੇ 'ਬੀ' ਵਿਚ ਸ਼ਾਮਲ ਹੋਏ ਹਨ ਉਨ੍ਹਾਂ ਦੇ ਬੱਚੇ ਵੀ ਇਸ ਸਰਟੀਫਿਕੇਟ ਲਈ ਯੋਗ ਹਨ। ਫੌਜੀ ਅਫ਼ਸਰ, ਜੱਜ ਅਤੇ ਵਿਦੇਸ਼ੀ ਸੇਵਾਵਾਂ ਵਿਚ ਨੌਕਰੀ ਕਰਦੇ ਮਾਪਿਆਂ ਦੇ ਬੱਚੇ ਅਜਿਹਾ ਲਾਭ ਲੈਣ ਲਈ ਯੋਗ ਨਹੀਂ ਹਨ। ਆਮਦਨ ਹੱਦ ਲਈ ਸਿਰਫ਼ ਮਾਪਿਆਂ ਦੀ ਆਮਦਨ ਹੀ ਗਿਣੀ ਜਾਂਦੀ ਹੈ। ਜੇਕਰ ਬੱਚਾ ਕੋਈ ਆਪ ਤਨਖਾਹ ਜਾਂ ਹੋਰ ਵਸੀਲਿਆਂ ਰਾਹੀਂ ਕੋਈ ਆਮਦਨ ਪ੍ਰਾਪਤ ਕਰਦਾ ਹੈ ਤਾਂ ਉਸ ਆਮਦਨ ਨੂੰ ਇਸ ਹੱਦ ਵਿਚ ਨਹੀਂ ਗਿਣਿਆ ਜਾਂਦਾ ਹੈ। ਹੋਰ ਸਾਧਨਾਂ ਤੋਂ ਆਮਦਨ ਦਾ ਭਾਵ ਹੈ ਮਾਪਿਆਂ ਨੂੰ ਆਪਣੀ ਕਿਸੇ ਪ੍ਰਾਪਰਟੀ ਦਾ ਕਿਰਾਇਆ ਵਗੈਰਾ ਜਾਂ ਬੈਂਕ ਵਿਚ ਜਮ੍ਹਾਂ ਰਕਮ ਤੋਂ ਮਿਲਦਾ ਵਿਆਜ਼ ਜੋ ਕਿ ਉਹ ਆਪਣੀ ਸਲਾਨਾ ਆਦਮਨ ਕਰ ਰਿਟਰਨ ਵਿਚ ਉਜਾਗਰ ਕਰਦੇ ਹਨ।

ਸਾਰੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਓ.ਬੀ.ਸੀ. ਸਰਟੀਫਿਕੇਟ ਬਣਾ ਲੈਣੇ ਚਾਹੀਦੇ ਹਨ ਤਾਂ ਜੋ ਬੱਚੇ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਵਿੱਦਿਅਕ ਅਤੇ ਰੁਜ਼ਗਾਰ ਵਿਚ ਦਿੱਤੇ ਜਾਂਦੇ ਲਾਭਾਂ ਦਾ ਫਾਇਦਾ ਲੈ ਸਕਣ।

**ਸੁਰਿੰਦਰ ਸਿੰਘ ਰੁਬੀ**

**ਸਹਿ ਸੰਪਾਦਕ**

# ‘ਲੁਬਾਣਾ ਸੇਵਕ’ ਮੈਗਜ਼ੀਨ ਦੇ ਸੁਹਿਰਦ ਪਾਠਕਾਂ ਨੂੰ ਅਪੀਲ

ਮਾਨਯੋਗ ਪਾਠਕ ਵੀਰ ਜੀ,

ਗੁਰ ਫਤਿਹ ਪ੍ਰਵਾਨ ਕਰਨੀ ਜੀ

ਮੈਂ ਆਪ ਜੀ ਨੂੰ ਮੈਗਜ਼ੀਨ ‘ਲੁਬਾਣਾ ਸੇਵਕ’ ਸਬੰਧੀ ਬੜੀ ਨਿਮਰਤਾ ਨਾਲ ਇਕ ਬੇਨਤੀ ਕਰਨਾ ਚਾਹੁੰਦਾ ਹਾਂ। ਇਹ ਰਸਾਲਾ ਬਰਾਦਰੀ ਦੀ ਬਹੁਤ ਹੀ ਸਤਿਕਾਰਯੋਗ ਹਸਤੀ ਮੇਜਰ ਸ਼ਰਮ ਸਿੰਘ ਜੀ ਜਹੂਰਾ ਨੇ ਆਪਣੇ ਪੱਧਰ ਤੇ ਆਪਣੇ ਘਰ ਤੋਂ ਸ਼ੁਰੂ ਕੀਤਾ ਸੀ। ਜੋ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੇ ਹੋਂਦ ਵਿਚ ਆਉਣ ਤੋਂ ਜਲਦੀ ਬਾਅਦ ਹੀ ਇਸ ਰਸਾਲੇ ਨੂੰ ਅਪਣਾ ਕੇ ਫਾਊਂਡੇਸ਼ਨ ਵੱਲੋਂ ਇਸ ਨੂੰ ਲਗਾਤਾਰ ਚਾਲੂ ਰੱਖਣ ਅਤੇ ਛਪਦਾ ਰੱਖਣ ਦਾ ਉਪਰਾਲਾ ਆਪਣੇ ਸਿਰ ਲੈ ਲਿਆ ਸੀ। ਲੁਬਾਣਾ ਸੇਵਕ ਦੇ ਤਕਰੀਬਨ 600 ਲਾਇਫ਼ ਮੈਂਬਰ ਹਨ ਜਿਨ੍ਹਾਂ ਨੇ 1000 ਰੁਪਏ ਦੇ ਕੇ ਆਪਣੀ ਲਾਈਫ਼ ਮੈਂਬਰਸ਼ਿਪ ਹਾਸਲ ਕੀਤੀ ਹੋਈ ਹੈ। ਮੈਗਜ਼ੀਨ ਦੇ ਇਕ ਅੰਕ ਦੀ ਇਕ ਕਾਪੀ ਤੇ ਤਕਰੀਬਨ 40 ਰੁਪਏ ਖਰਚ ਆਉਂਦਾ ਹੈ। ਜਿਸ ਕਾਰਨ ਇਸ ਦਾ ਖਰਚਾ ਉਠਾਉਣਾ ਥੋੜ੍ਹਾ ਮੁਸ਼ਕਿਲ ਬਣਿਆ ਹੋਇਆ ਹੈ। ਭਾਵੇਂ ਕਿ ਹੁਣ ਨਵੇਂ ਲਾਇਫ਼ ਮੈਂਬਰ ਬਨਣ ਲਈ ਫੀਸ 2500 ਰੁਪਏ ਪ੍ਰਤੀ ਮੈਂਬਰ ਕਰਨ ਦੀ ਤਜਵੀਜ਼ ਕਾਰਜਕਾਰਨੀ ਵੱਲੋਂ ਪਾਸ ਕੀਤੀ ਜਾ ਚੁੱਕੀ ਹੈ। ਪ੍ਰੰਤੂ ਜੇਕਰ ਪੁਰਾਣੇ ਲਾਇਫ਼ ਮੈਂਬਰ ਵੀ ਆਪਣੇ ਵੱਲੋਂ ਕੁਝ ਆਰਥਿਕ ਸਹਾਇਤਾ ਜਾਂ ਨਵੀਂ ਤੇ ਪੁਰਾਣੀ ਮੈਂਬਰਸ਼ਿਪ ਦੇ ਫਰਕ ਦੀ ਰਕਮ ਨੂੰ ਫਾਊਂਡੇਸ਼ਨ ਪਾਸ ਜਮ੍ਹਾ ਕਰਵਾਉਣ ਤਾਂ ਮੈਗਜ਼ੀਨ ਚਾਲੂ ਰੱਖਣ ਵਿਚ ਮੈਨੇਜਮੈਂਟ ਦੀ ਕਾਫੀ ਮੱਦਦ ਹੋ ਜਾਵੇਗੀ। ਇਹ ਇਕ ਸੁਝਾਅ ਹੀ ਹੈ, ਜਬਰੀ ਜਾਂ ਜ਼ਰੂਰੀ ਨਹੀਂ ਹੈ। ਕਿਉਂਕਿ ਇਹ ਮੈਗਜ਼ੀਨ ਬਰਾਦਰੀ ਦੇ ਆਰਥਿਕ, ਸਮਾਜਿਕ, ਰਾਜਨੀਤਿਕ ਸਾਰੇ ਪਹਿਲੂਆਂ ਤੋਂ ਪਾਠਕਾਂ ਨੂੰ ਜਿੱਥੇ ਜਾਗਰੂਕ ਕਰਦਾ ਹੈ, ਉਥੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਬਰਾਦਰੀ ਦੇ ਉਥਾਨ ਲਈ ਕੀਤੇ ਕਾਰਜਾਂ ਦੀ ਵੀ ਬਰਾਦਰੀ ਦੇ ਸੂਝਵਾਨ ਮੈਂਬਰਾਂ ਨੂੰ ਜਾਣਕਾਰੀ ਦਿੰਦਾ ਹੈ।

ਆਸ ਕਰਦਾ ਹਾਂ ਕਿ ਮੇਰੀ ਇਸ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ, ਲੁਬਾਣਾ ਸੇਵਕ ਮੈਗਜ਼ੀਨ ਚਾਲੂ ਰੱਖਣ ਲਈ ਆਪ ਜੀ ਆਪਣਾ ਬਣਦਾ ਆਰਥਿਕ ਸਹਿਯੋਗ ਜ਼ਰੂਰ ਦੇਵੋਗੇ।

ਧੰਨਵਾਦ

**ਹਰਭਜਨ ਸਿੰਘ**

**ਪ੍ਰਧਾਨ**

**ਬਮਸਲ ਫਾਊਂਡੇਸ਼ਨ ਚੰਡੀਗੜ੍ਹ**

ਕਹਾਣੀ

# ਹੋਇਆ ਜੀਊੜਾ ਉਦਾਸ

**ਕੁਲਬੀਰ ਬਡੇਸਰੋਂ**

"ਕਨੇਡਾ" ਉਸ ਦੇਸ਼ ਦਾ ਨਾਂਅ ਹੈ ਜਿਸ ਦੇ ਜ਼ਿਕਰ ਤੇ ਹਮੇਸ਼ਾਂ ਮੇਰਾ ਦਿਲ ਧੜਕਿਆ ਹੈ ਜਿਵੇਂ ਕਿਸੇ ਆਪਣੇ ਦੇ ਜ਼ਿਕਰ ਤੇ ਜਾਂ ਫੇਰ ਕਿਸੀ ਦੁੱਖਦੀ ਰਗ ਤੇ ਹੱਥ ਰੱਖੇ ਜਾਣ ਤੇ ਬੰਦਾ ਚੌਂਕ ਜਾਂਦਾ ਹੈ। ਹਾਂ ਕਨੇਡਾ ਮੇਰੇ ਲਈ ਬਹੁਤ ਆਪਣਾ ਵੀ ਹੈ ਤੇ ਮੇਰੀ ਦੁੱਖਦੀ ਰਗ ਵੀ, ਵਜ੍ਹਾ ਹੈ ਸਿਰਫ਼ ਇਕੋ ਕਿ ਉਥੇ ਮੇਰੇ ਆਪਣੇ ਮੈਥੋਂ ਵਿਛੜ ਕੇ ਜਾ ਵੱਸੇ ਨੇ, ਪਿਛਲੇ ਬਾਰ੍ਹਾਂ ਵਰ੍ਹਿਆਂ ਤੋਂ। ਹਾਂ ਪਿਛਲੇ ਬਾਰ੍ਹਾਂ ਵਰ੍ਹਿਆਂ ਤੋਂ, ਜਦ ਦੀ ਮੈਂ ਆਪਣੇ ਹੀ ਦੇਸ਼ 'ਚ ਪਰਦੇਸੀ ਹੋ ਗਈ। ਅਜਨਬੀ ਤੇ ਇਕੱਲੀ ਤੇ ਸਦਾ ਮਨ 'ਚ ਇਕ ਕਸਕ ਸਹਿਕਦੀ ਰਹਿੰਦੀ ਕਿ ਕਾਸ਼ ਮੈਂ ਵੀ ਕਨੇਡਾ ਜਾ ਸਕਾਂ, ਉਨ੍ਹਾਂ ਬਹੁਤ ਸਾਰੀਆਂ ਸਹੂਲਤਾਂ ਲਈ ਨਹੀਂ ਜੋ ਉਸ ਅਮੀਰ ਦੇਸ਼ 'ਚ ਮੁਹੱਈਆ ਹਨ ਸਗੋਂ ਉਸ ਸਕੂਨ ਲਈ ਜੋ ਮੈਨੂੰ ਮੇਰੇ ਆਪਣਿਆਂ ਨਾਲ ਮਿਲ ਕੇ ਮਿਲ ਜਾਣਾ ਸੀ। ਤੇ ਫੇਰ ਜਦ ਸੱਚਮੁੱਚ ਮੈਂ ਕਨੇਡਾ ਜਾ ਕੇ ਮੁੜੀ ਤਾਂ ਇਉਂ ਨਹੀਂ ਸੀ ਲੱਗਦਾ ਕਿ ਮੇਰੇ ਆਪਣੇ ਕਿਸੀ ਉੱਘ ਪਤਾਲ ਦੁਨੀਆ 'ਚ ਰਹਿੰਦੇ ਨੇ ਜਿਹਦਾ ਸਿਰ ਮੂੰਹ ਪਤਾ ਨਹੀਂ। ਸਗੋਂ ਮੈਂ ਹੁਣ ਉਸ ਰਾਹ ਨੂੰ, ਜਿਸ ਰਾਹੀਂ ਹੋ ਕੇ ਮੈਂ ਉਸ ਦੇਸ਼ 'ਚ ਗਈ ਸਾਂ ਤੇ ਉਸ ਘਰ ਨੂੰ ਆਪਣੇ ਚੇਤਿਆਂ 'ਚ ਚਿਤਵ ਸਕਦੀ ਸਾਂ ਜਿਸ 'ਚ ਮੈਂ ਢਾਈ ਮਹੀਨੇ ਗੁਜ਼ਾਰ ਕੇ ਪਰਤੀ ਸਾਂ, "ਕਨੇਡਾ" ਹੁਣ ਮੇਰੇ ਦਿਲ ਦੇ ਹੋਰ ਵੀ ਕਰੀਬ ਹੋ ਗਿਆ ਸੀ। ਹੋਰ ਵੀ ਨੇੜੇ। ਕਨੇਡਾ ਦਾ ਉਹ ਪਹਿਲਾ ਸਫ਼ਰ ਬਹੁਤ ਸੁਖਾਵਾਂ ਸੀ, ਅੱਖਾਂ 'ਚ ਬੀ.ਸੀ. ਦੇ ਤੱਕੇ ਬਹੁਤ ਹੀ ਖ਼ੂਬਸੂਰਤ ਨਜ਼ਾਰੇ ਭਰੇ ਹੋਏ ਸਨ ਤੇ ਜ਼ਿਹਨ 'ਚ ਬਹੁਤ ਪਿਆਰੀਆਂ ਯਾਦਾਂ। ਪਰ ਚਾਰ ਸਾਲਾਂ ਮਗਰੋਂ ਜਦ ਮੈਂ ਦੂਜੀ ਵਾਰ ਕੈਨੇਡਾ ਗਈ ਤਾਂ ਅਨੁਭਵ ਦੂਜਾ ਸੀ, ਮੈਂ ਉਦੋਂ ਨਹੀਂ ਸਾਂ ਸਮਝ ਸਕੀ ਪਰ ਬਾਅਦ ਵਿੱਚ ਸਮਝੀ ਸਾਂ ਕਿ ਜਦ ਮੈਂ ਆਪਣੇ ਪਾਪਾ ਨੂੰ ਗੱਲ ਲੱਗ ਕੇ ਮਿਲੀ ਤਾਂ ਕੋਲ ਖੜੀ ਮੇਰੀ ਛੋਟੀ ਭੈਣ ਕਿਉਂ ਰੋ ਪਈ ਸੀ, ਮੈਂ ਸੋਚਿਆ ਐਵੇਂ ਉਸ ਦਾ ਦਿਲ ਭਰ ਆਇਆ ਹੋਵੇਗਾ ਕਿ ਧੀਆਂ ਜਦੋਂ ਇਕ ਵਾਰ ਸਹੁਰੇ ਤੋਰ ਦਿੱਤੀਆਂ ਜਾਂਦੀਆਂ ਨੇ ਤਾਂ ਮੁੜ ਕਦੀ-ਕਦੀ ਹੀ ਮਿਲਦੀਆਂ ਨੇ, ਨਿੱਤ ਨਹੀਂ। ਛੋਟੀ ਭੈਣ ਭਾਵੇਂ ਰਹਿੰਦੀ ਤਾਂ ਕਨੇਡਾ 'ਚ ਹੀ ਸੀ ਪਰ ਆਖ਼ਿਰ ਸੀ ਤਾਂ ਆਪਣੇ ਸਹੁਰੇ ਘਰ ਹੀ ਨਾ। ਵੱਡੀ ਭੈਣ ਵੀ ਆਪਣੇ ਘਰ ਸੀ ਤੇ ਉਸ ਤੋਂ ਵੱਡੀ ਵੀ ਆਪਣੇ ਘਰ। ਕੋਲ ਤਾਂ ਪੁੱਤਰ ਸਨ ਤੇ ਨੂੰਹਾਂ। ਇਕ ਭਰੇ-ਪੂਰੇ ਪਰਿਵਾਰ ਦੇ ਮਾਲਿਕ ਸਨ ਮੇਰੇ ਪਾਪਾ ਜੋ ਤੋਤੀਆ ਰੰਗੀ ਪੱਗ ਬੰਨ੍ਹੀ ਦਾੜ੍ਹੀ ਨੂੰ ਠਾਠੀ 'ਚ ਲਪੇਟੀ, ਕੋਟ ਪੈਂਟ ਪਾਈ ਤਿਆਰ ਖੜ੍ਹੇ ਸਨ ਆਪਣੇ ਕਮਰੇ 'ਚ ਜਦ ਮੈਂ ਧਾਹ ਕੇ ਉਨ੍ਹਾਂ ਦੇ ਗਲ ਜਾ ਲੱਗੀ ਸਾਂ।?

"ਪਾਪਾ ਨੂੰ ਕੈਂਸਰ ਹੈ।"

"ਹੋ ਹੀ ਨਹੀਂ ਸਕਦਾ" ਮੈਂ ਕਿਹਾ। ਕਿਉਂਕਿ ਇਹ ਤਾਂ ਉਹੋ ਜਿਹੀ ਹੀ ਗੱਲ ਸੀ ਕਿ ਕੋਈ ਕਵ੍ਹੇ ਕਿ ਇਹ ਦਿਨ ਨਹੀਂ ਰਾਤ ਹੈ ਜਾਂ ਰਾਤ ਨਹੀਂ ਦਿਨ ਹੈ, ਜਾਂ ਇਹ ਕਾਇਨਾਤ ਨਹੀਂ ਕੁੱਝ ਹੋਰ ਹੈ। ਭਲਾ ਏਨੀਂ ਬੇ-ਯਕੀਨੀ ਗੱਲ ਤੇ ਕੋਈ ਯਕੀਨ ਕਰ ਸਕਦਾ ਸੀ !

"ਬਸ ਹੁਣ ਸਾਡੀ ਦੁਨੀਆ ਉੱਜੜ ਜਾਣੀ ਏ" ਵੱਡੀ ਭੈਣ ਜੀ ਨੇ ਕਿਹਾ ਕਿ ਤੇ ਰੋਣ ਲੱਗ ਪਏ, ਅਚਾਨਕ ਮੇਰਾ ਮੱਥਾ ਠਣਕਿਆ। ਛੋਟੀ ਭੈਣ ਵੀ ਤਾਂ ਹੀ ਰੋ ਪਈ ਸੀ ਉਦੋਂ ਜਦੋਂ ਮੈਂ ਪਾਪਾ ਨੂੰ ਜਾ ਮਿਲੀ ਸੀ ਤੇ ਹੁਣ ਵੱਡੀ ਭੈਣ ਜੀ ਰੋ ਰਹੀ ਹੈ, ਕੋਲ ਖੜ੍ਹੀ ਮੇਰੀ ਭਾਣਜੀ ਵੀ ਬਹੁਤ ਗੰਭੀਰ ਸੀ।

"ਇਹ ਕਿੱਦਾਂ ਹੋ ਸਕਦਾ ਏ?" ਮੈਂ ਫੇਰ ਆਪਣੇ ਆਪ ਨੂੰ ਭੁਲੇਖੇ 'ਚ ਹੀ ਰੱਖਣਾ ਚਾਹਿਆ, ਲੱਗਿਆ ਕਿਸੇ ਹਿੰਦੀ ਫ਼ਿਲਮ ਦਾ ਸੀਨ ਹੈ। ਫ਼ਿਲਮਾਂ 'ਚ ਵੀ ਤਾਂ ਬਹੁਤ ਵਧੀਆ ਇਨਸਾਨ ਨੂੰ ਹੀ ਕੈਂਸਰ ਹੁੰਦੇ ਵਿਖਾਉਂਦੇ ਨੇ ਪਰ ਉਹ ਤਾਂ ਫ਼ਿਲਮ ਹੁੰਦੀ ਹੈ, ਇਹ ਤਾਂ ਮੇਰੇ ਪਾਪਾ ਨੇ, ਸਪੈਸ਼ਲ ਮੇਰੇ ਪਾਪਾ, ਤੇ ਮੈਂ ਉਨ੍ਹਾਂ ਦੀ ਲਾਡਲੀ ਧੀ, ਬਚਪਨ ਤੋਂ ਹੀ ਸਭ ਤੋਂ ਵੱਧ ਲਾਡ ਲੈਣ ਵਾਲੀ, ਮੈਂ ਇਹ ਕਿੱਦਾਂ ਮੰਨ ਸਕਦੀ ਸਾਂ ਕਿ ਮੇਰੇ ਏਨੇ ਪਿਆਰੇ ਪਾਪਾ ਨੂੰ ਏਨੀਂ ਭਿਆਨਕ ਬੀਮਾਰੀ ਹੋ ਸਕਦੀ ਹੈ। ਤੇ ਮੁੜ ਅਪਾਇੰਟਮੈਂਟ ਲੈ ਲੈ ਮੈਂ ਉਨ੍ਹਾਂ ਡਾਕਟਰਾਂ ਨੂੰ ਮਿਲੀ ਜੋ ਪਾਪਾ ਦਾ ਇਲਾਜ ਕਰ ਰਹੇ ਸਨ, ਬੇਸ਼ੁਮਾਰ ਮੈਂ ਸੁਆਲ ਉਨ੍ਹਾਂ ਨੂੰ ਕੀਤੇ, ਬਾਰ-ਬਾਰ ਉਨ੍ਹਾਂ ਤੋਂ ਦਵਾਈਆਂ ਸਮਝੀਆਂ, ਦਵਾਈਆਂ ਪਾਪਾ ਦੇ ਕਮਰੇ ਵਿੱਚ ਤਰਤੀਬ ਨਾਲ ਰੱਖੀਆਂ, ਬਸ ਮਨ ਵਿੱਚ ਇਕ ਵਿਸ਼ਵਾਸ ਸੀ ਕਿ ਪਾਪਾ ਨੇ ਬਿਲਕੁਲ ਠੀਕ ਹੋ ਜਾਣਾ ਹੈ, ਬਸ ਕੁੱਝ ਹੀ ਦਿਨਾਂ ਦੀ ਤਾਂ ਗੱਲ ਹੈ, ਨਾਲੇ ਕੈਨੇਡਾ ਵਰਗਾ ਤਰਕੀ ਯਾਫਤਾ ਤੇ ਮਾਡਰਨ ਤਕਨਾਲੋਜੀ ਦਾ ਦੇਸ਼ ਹੋਵੇ, ਚੀਨੀ ਡਾਕਟਰ ਹੋਵੇ, ਕਾਬਿਲ ਡਾਕਟਰ ਜਿਹਦੇ ਬਾਰੇ ਸਾਰੇ ਕਹਿੰਦੇ ਹੋਣ ਕਿ ਬਹੁਤ ਸਿਆਣੀ ਡਾਕਟਰ ਹੈ ਤੇ ਉਸ ਤਸੱਲੀ ਵੀ ਦਿੱਤੀ ਹੋਵੇ ਕਿ ਲੇਜ਼ਰਥਰੈਪੀ ਤੋਂ ਬਾਅਦ ਜ਼ਿਆਦਾ ਚਾਨਸਜ਼ ਠੀਕ ਹੋ ਜਾਣ ਦੇ ਹਨ ਤਾਂ ਕਾਹਦਾ ਡਰ? ਪਾਪਾ ਨੇ ਤਾਂ ਠੀਕ ਹੋ ਜਾਣਾ ਹੈ। ਬਸ ਮਾਮੂਲੀ ਜਿਹਾ ਫੋੜਾ ਹੀ ਤਾਂ ਹੈ ਕੰਨ ਦੇ ਹੇਠਾਂ। ਇਹਨੂੰ ਡਾਕਟਰਾਂ ਨੇ ਕਹਿ ਦਿੱਤਾ ਕਿ ਕੈਂਸਰ ਹੈ। ਬਾਕੀ ਸਾਰਾ ਜਿਸਮ ਤਾਂ ਠੀਕ ਹੈ, ਪਾਪਾ ਤੁਰਦੇ-ਫਿਰਦੇ ਨੇ, ਗੱਲਾਂ ਕਰਦੇ ਨੇ, ਟੇਬਲ ਲੈਂਪ ਜਗਾ ਕੇ ਪਾਠ ਕਰਦੇ ਨੇ, ਸਵੇਰੇ ਉਠ ਕੇ ਰੋਟੀ ਦਾ ਚੂਰਾ-ਚੂਰਾ ਖਿੜਕੀ ਤੋਂ ਬਾਹਰ ਚਿੜੀਆਂ ਲਈ ਪਾਉਂਦੇ ਨੇ, ਸਗੋਂ ਉੱਦਣ ਵੀ ਜਿੱਦਣ ਸਵੇਰੇ-ਸਵੇਰੇ ਪਾਪਾ ਦੇ ਕੰਨ ਕੋਲ ਹੋਇਆ ਫੋੜ ਰਿੱਸਣ ਲੱਗ ਪਿਆ ਤਾਂ ਵੀ ਬਹੁਤ ਘਬਰਾਹਟ ਨਾ ਹੋਈ, ਐਵੇਂ ਕਿਤੇ ਛਿਲਿਆ ਗਿਆ ਹੋਊ, ਮੈਂ ਸੋਚਿਆ। ਮੈਂ ਕੀ, ਮੇਰੀ ਬੀਜੀ, ਮੇਰੇ ਭਰਾਵਾਂ, ਭਾਬੀਆਂ ਤੇ ਭੈਣਾਂ ਸਭ ਨੇ ਇਉਂ ਹੀ ਸੋਚਿਆ ਪਰ ਜਦੋਂ ਸ਼ਾਮ ਨੂੰ ਚੈਕਅੱਪ ਕਰਾਉਣ ਸਰੀ ਹਸਪਤਾਲ ਲੈ ਕੇ ਗਏ ਤਾਂ ਡਾਕਟਰਾਂ ਨੇ ਐਡਮਿਟ ਕਰ ਲਿਆ, ਇਥੋਂ ਦੇ ਡਾਕਟਰ ਕੇਅਰ ਵੀ ਤਾਂ ਬਹੁਤ ਕਰਦੇ ਨੇ। ਪਰ ਜਦ ਦੂਜੇ ਦਿਨ ਡਾਕਟਰਾਂ ਨੇ ਕਿਹਾ ਕਿ ਘੱਟੋ-ਘੱਟ ਹਫ਼ਤਾ ਅਜੇ ਹਸਪਤਾਲ ਵਿੱਚ ਪਾਪਾ ਨੂੰ ਰੱਖਣਾ ਹੈ ਤਾਂ ਥੋੜਾ ਜਿਹਾ ਅਟਪਟਾ ਲੱਗਿਆ। ਪਾਪਾ ਨੂੰ ਅਲੱਗ ਇਕ ਬਹੁਤ ਸੁਹਣਾ ਕਮਰਾ ਮਿਲ ਗਿਆ ਸੀ, ਜਿਥੇ ਜ਼ਿੰਦਗੀ ਦੀ ਹਰ ਸਹੂਲਤ ਸੀ, ਟੀ.ਵੀ., ਗਰਮ ਤੇ ਠੰਡਾ ਪਾਣੀ, ਅਟੈਚਡ ਬਾਥਰੂਮ, ਸਾਫ਼ ਤੌਲੀਏ, ਅਰਾਮ ਕੁਰਸੀ, ਬੈੱਡ, ਟੇਬਲ ਤੇ ਹੋਰ ਕਈ ਕੁਰਸੀਆਂ ਤੇ ਖਾਣ-ਪੀਣ ਲਈ ਆਉਂਦਾ ਬਾਰ-ਬਾਰ ਕਈ ਤਰ੍ਹਾਂ ਦਾ ਸਾਮਾਨ।

ਪਾਪਾ ਬੈੱਡ 'ਤੇ ਪਏ ਆਪਣੀ ਸਰਵਿਸ ਦੀ ਰਿਟਾਇਰਮੈਂਟ ਤੋਂ ਪਹਿਲਾਂ ਦੇ ਕਿੱਸੇ ਸੁਣਾ ਰਹੇ ਸਨ, ਹੱਸ ਰਹੇ ਸਨ, ਮੁਸਕਰਾ ਰਹੇ ਸਨ, ਅਰਾਮ ਕੁਰਸੀ

'ਤੇ ਬੈਠੇ ਬੀਜੀ ਉਂਘ ਰਹੇ ਸਨ, ਦੂਜੀ ਕੁਰਸੀ 'ਤੇ ਬੈਠੀ ਮੈਂ ਪਾਪਾ ਦੇ ਜੀਵਨ ਦੀਆਂ ਯਾਦਾਂ ਸੁਣ ਰਹੀ ਸਾਂ, ਦਿਲਚਸਪੀ ਨਾਲ। ਖ਼ੁਸ਼ ਸਾਂ ਕਿ ਮੈਂ ਪਾਪਾ ਦੇ ਕੋਲ ਸਾਂ। ਉਹ ਪਾਪਾ ਜੋ ਬਾਰ੍ਹਾਂ ਵਰ੍ਹੇ ਪਹਿਲਾਂ ਅਫ਼ਸਰੀ ਤੋਂ ਰਿਟਾਇਰ ਹੋ ਕੇ ਕੈਨੇਡਾ ਆ ਵਸੇ ਸਨ ਤੇ ਸਦਾ ਮੈਨੂੰ ਬਕਾਇਦਗੀ ਨਾਲ ਖ਼ਤ ਲਿਖਦੇ ਹੁੰਦੇ ਸਨ। ਜਿਨ੍ਹਾਂ ਨੂੰ ਮਿਲਣ ਜਿਵੇਂ ਲੰਮੇ ਬਨਵਾਸ ਪਿਛੋਂ ਕੋਈ ਘਰ ਪਰਤਿਆ ਹੋਵੇ। ਮੁੜ ਪਹਿਲੀ ਵਾਰ ਵੀਹ ਬਾਈ ਘੰਟਿਆਂ ਦਾ ਲੰਬਾ ਸਫ਼ਰ ਤਹਿ ਕਰਕੇ ਕੈਨੇਡਾ ਆਉਣਾ ਤੇ ਪਾਪਾ ਦਾ ਏਅਰਪੋਰਟ 'ਤੇ ਬਾਹਾਂ ਅੱਡ ਕੇ ਮਿਲਣਾ, ਗੂੜ੍ਹੀ ਓਨਾਬੀ ਪੱਗ ਤੇ ਦੁੱਧ ਵਰਗੀ ਪਾਈ ਕਮੀਜ਼ ਤੇ ਬੈਲਟ ਵਾਲੀ ਕਾਲੀ ਪੈਂਟ, ਉਹ ਦ੍ਰਿਸ਼ ਆਉਣ ਵਾਲੇ ਚਾਰ ਸਾਲਾਂ ਤੱਕ ਨਹੀਂ ਭੁੱਲਿਆ ਜਦ ਤੱਕ ਮੈਂ ਦੁਬਾਰਾ ਉਨ੍ਹਾਂ ਨੂੰ ਆ ਕੇ ਨਹੀਂ ਮਿਲੀ...।

ਕਮਰੇ ਵਿੱਚ ਆਈ ਨਰਸ ਨਾਲ ਮੇਰੇ ਖ਼ਿਆਲਾਂ ਦੀ ਲੜੀ ਟੁੱਟੀ। ਸਾਫ਼-ਸੁਥਰੀਆਂ, ਪਿਆਰੀਆਂ ਮੁਸਕਰਾਉਂਦੀਆਂ ਨਰਸਾਂ, ਹਸਪਤਾਲ ਦੇ ਚਮਚਮਾਂਦੇ ਸਾਫ਼ ਫਰਸ਼ 'ਤੇ ਇਉਂ ਤਰਦੀਆਂ ਫਿਰਦੀਆਂ ਜਿਵੇਂ ਸਾਫ਼ ਸਫ਼ਾਫ਼ ਪਾਨੀ 'ਚ ਮੱਛੀਆਂ ਤੈਰਦੀਆਂ ਨੇ ਬਾਰ-ਬਾਰ ਉਨ੍ਹਾਂ ਦਾ ਕਮਰੇ 'ਚ ਆਉਣਾ, ਹਰ ਚੀਜ਼ ਦਾ ਖ਼ਿਆਲ ਰੱਖਣਾ, ਦਵਾਈ ਦੇਣੀ, ਫੂਡ ਲਿਆਉਣਾ, ਮੁਸਕਰਾਉਣਾ ਸਭ ਉਨ੍ਹਾਂ ਦੀ ਡਿਊਟੀ 'ਚ ਸ਼ਾਮਿਲ ਸੀ।

ਤਿੰਨ ਦਿਨਾਂ ਬਾਅਦ ਪਾਪਾ ਨੂੰ ਪਹਿਲੀ ਲੇਜ਼ਰ ਥੈਰੇਪੀ ਦੀ ਟਰੀਟਮੈਂਟ ਦਿੱਤੀ ਜਾਣੀ ਸੀ, ਉਸ ਤੋਂ ਪਹਿਲਾਂ ਉਨ੍ਹਾਂ ਦੇ ਚਿਹਰੇ ਦਾ ਮਾਸਕ ਬਣਾਇਆ ਗਿਆ, ਫੋੜੇ ਦੇ ਦੁਆਲਿਓਂ ਵਾਲ ਲਾਹ ਦਿੱਤੇ ਗਏ, ਜਦ ਸਭ ਤਿਆਰੀਆਂ ਹੋ ਗਈਆਂ ਤਾਂ ਕਰੀਮ ਕਲਰ ਗਾਊਨ 'ਚ ਪਾਪਾ ਨੂੰ ਸਟਰੇਚਰ 'ਤੇ ਪਾ ਕੇ ਕਈ ਮੰਜ਼ਿਲਾਂ ਤਹਿ ਕਰਕੇ ਲੈਬੋਰਟਰੀ 'ਚ ਲਿਜਾਇਆ ਗਿਆ, ਉਥੇ ਵੱਡੀ ਸਾਰੀ ਮਸ਼ੀਨ ਹੇਠਾਂ ਸਟਰੇਚਰ ਨੂੰ ਸੈਟ ਕਰਕੇ ਠੀਕ ਫੋੜੇ ਦੇ ਉੱਪਰ ਇਲੈਕਟਰੋਨਿਕ ਕਿਰਣਾਂ ਨੂੰ ਸੁੱਟਿਆ ਗਿਆ, ਇਹ ਸਭ ਦੂਜੇ ਕਮਰੇ 'ਚ ਮਾਨੀਟਰ 'ਤੇ ਮੈਂ ਵੇਖ ਸਕਦੀ ਸਾਂ ਜਿਥੇ ਅਫਰੀਕਨ, ਚੀਨੀ ਤੇ ਗੋਰੇ ਡਾਕਟਰ ਤੇ ਨਰਸਾਂ ਸਨ, ਪਾਪਾ ਬੇਹੋਸ਼ ਹੋ ਗਏ ਸਨ, ਉਨ੍ਹਾਂ ਦਾ ਮੂੰਹ ਅਡਿਆ ਹੋਇਆ ਸੀ, ਉਹ ਬਹੁਤ ਕਮਜ਼ੋਰ ਲੱਗਣ ਲੱਗ ਪਏ ਸਨ, ਅਚਾਨਕ ਮੇਰੇ ਦਿਲ ਨੂੰ ਖੋਹ ਜਿਹੀ ਪਈ। ਉਹ ਪਹਿਲਾ ਦਿਨ ਸੀ ਕਿ ਜਦ ਦਾ ਮੈਂ ਸੁਣਿਆ ਸੀ ਕਿ ਪਾਪਾ ਨੂੰ ਕੈਂਸਰ ਹੈ ਤੇ ਜਦ ਦਾ ਉਨ੍ਹਾਂ ਦਾ ਇਲਾਜ ਹੋ ਰਿਹਾ ਸੀ, ਮੈਂ ਪਹਿਲੀ ਵਾਰ ਘਬਰਾਈ, ਮੇਰਾ ਵਿਸ਼ਵਾਸ ਥੋੜ੍ਹਾ ਜਿਹਾ ਜਰਕ ਗਿਆ ਸੀ, ਤੇ ਦਿਲ ਖ਼ਰਾਬ ਜਿਹਾ ਹੋ ਗਿਆ ਸੀ। ਬੇਹੋਸ਼ ਪਾਪਾ ਨੂੰ ਸਟਰੇਚਰ ਰਾਹੀਂ ਕਈ ਲੰਬੇ-ਲੰਬੇ ਕਾਰੀਡੋਰਾਂ 'ਤੇ ਲਿਫ਼ਟਾਂ ਰਾਹੀਂ ਗੋਰੀਆਂ ਨਰਸਾਂ ਲਈ ਜਾ ਰਹੀਆਂ ਸਨ ਮੈਂ ਹੜਬੜਾਈ ਜਿਹੀ ਨਾਲ-ਨਾਲ ਟੁਰ ਰਹੀ ਸਾਂ ਜਿਵੇਂ ਬੰਦਾ ਬਦਲ ਗਿਆ ਹੋਵੇ।

ਕਮਰੇ 'ਚ ਪਹੁੰਚੇ ਤਾਂ ਬੀਜੀ ਕੁਰਸੀ 'ਤੇ ਬੈਠੇ ਸਨ ਸਾਨੂੰ ਸਭ ਨੂੰ ਵੇਖ ਖੜ੍ਹੇ ਹੋ ਗਏ, ਉਨ੍ਹਾਂ ਦਾ ਚਿਹਰਾ ਅਡੋਲ ਸੀ, ਨਰਸਾਂ ਪਾਪਾ ਨੂੰ ਉਨ੍ਹਾਂ ਦੇ ਬੈੱਡ 'ਤੇ ਲਿਟਾ ਕੇ, ਚਲੀਆਂ ਗਈਆਂ, ਪਾਪਾ ਦੇ ਇਕ ਹੱਥ 'ਤੇ ਗੁਲੂਕੋਜ਼ ਲੱਗਾ ਸੀ, ਬੇਹੋਸ਼ ਪਏ ਪਾਪਾ 'ਤੇ ਤਰਸ ਜਿਹਾ ਆਇਆ ਜਾਂ ਪਤਾ ਨਹੀਂ ਕੀ, ਕਿ ਗਲੈਡੂ ਭਰ ਆਏ। ਬੀਜੀ ਨੇ ਮੇਰੇ ਮੋਢੇ ਤੇ ਹੱਥ ਰੱਖਿਆ।

ਕਮਰੇ 'ਚ ਮੇਰੀਆਂ ਭੈਣਾਂ, ਭੈਣਾਂ ਦੇ ਬੱਚੇ, ਇਕ ਭੈਣ ਦੇ ਸੱਸ-ਸਹੁਰਾ, ਪਤੀ ਏਨੇ ਜਣੇ ਅੰਦਰ ਆਏ ਕਿ ਕਮਰਾ ਭਰ ਗਿਆ। ਸਭ ਪਾਪਾ ਦੇ ਬੈੱਡ ਦੁਆਲੇ ਖੜ੍ਹੇ ਸਨ, ਸਭ ਪਾਪਾ ਨੂੰ ਨਿਹਾਰ ਰਹੇ ਸਨ। ਉਹ ਸਭ ਤੋਂ ਬੇਖ਼ਬਰ ਡੂੰਘੇ ਸਾਹ ਲੈ ਰਹੇ ਸਨ।

ਫੇਰ ਰੋਜ਼ ਹੀ ਇਉਂ ਹੁੰਦਾ ਕਿ ਜਿਉਂ ਹੀ ਸ਼ਾਮ ਹੁੰਦੀ ਸਭ ਆ ਜਾਂਦੇ, ਤੇ ਜਦੋਂ ਅਸੀਂ ਸਾਰੇ ਇਕੱਠੇ ਪਾਪਾ ਦੇ ਕਮਰੇ 'ਚੋਂ ਨਿਕਲ ਕੇ ਹਸਪਤਾਲ ਦੇ ਮੇਨ ਗੇਟ ਵੱਲ ਜਾਂਦੇ ਤਾਂ ਮੈਂ ਸੋਚਦੀ ਇਹ ਜੋ ਸਭ ਹਨ ਸਭ ਪਾਪਾ ਦੇ ਹਨ ਉਨ੍ਹਾਂ ਦੇ ਬੱਚੇ, ਪੋਤੇ, ਦੋਹਤੇ, ਜਵਾਈ, ਨੂੰਹਾਂ, ਪਤਨੀ, ਬੇਟੇ-ਬੇਟੀਆਂ, ਫੇਰ ਇਨ੍ਹਾਂ ਸਭ ਦੇ ਹੁੰਦਿਆਂ ਉਨ੍ਹਾਂ ਨੂੰ ਕਿਵੇਂ ਕੁੱਝ ਹੋ ਸਕਦਾ ਹੈ? ਹਸਪਤਾਲ ਦੇ ਮੇਨ ਗੇਟ ਤੋਂ ਖੱਬੇ ਵੱਲ ਮੁੜ ਕੇ ਪਾਰਕਿੰਗ ਸੀ ਸਭ ਆਪਣੀਆਂ-ਆਪਣੀਆਂ ਕਾਰਾਂ 'ਚ ਬੈਠ ਤੁਰ ਜਾਂਦੇ, ਤੇ ਕਾਰਾਂ 'ਚ ਬੈਠਦੇ ਹੀ ਮਿਊਜ਼ਿਕ ਛੱਡ ਲੈਂਦੇ, ਉਨ੍ਹਾਂ ਦੇ ਬੇਖ਼ੌਫ ਚਿਹਰੇ ਵੇਖ ਮੈਂ ਸੋਚਦੀ ਪਾਪਾ ਜ਼ਿਆਦਾ ਸੀਰੀਅਸ ਨਹੀਂ ਹਨ, ਠੀਕ ਹੋ ਜਾਣਾ ਹੈ ਉਨ੍ਹਾਂ ਨੇ। ਤਾਂ ਹੀ ਤਾਂ ਸਭ ਤਸੱਲੀ 'ਚ ਹਨ। ਫੇਰ ਵੀ ਪਤਾ ਨਹੀਂ ਕਿਉਂ ਕੁੱਝ ਵੀ ਚੰਗਾ ਨਹੀਂ ਲਗਦਾ ਸੀ। ਹਸਪਤਾਲ 'ਚ ਪਾਪਾ ਅਡੋਲ ਬੈੱਡ 'ਤੇ ਪਏ ਹਨ। ਅੱਖਾਂ ਬੰਦ, ਕਮਜ਼ੋਰ ਬੇਹੋਸ਼, ਬਿਨਾਂ ਕੁਝ ਖਾਧੇ-ਪੀਤੇ ਖਾਮੋਸ਼। ਇਹ ਦ੍ਰਿਸ਼ ਅੱਖਾਂ ਤੋਂ ਪਰ੍ਹਾਂ ਨਾ ਹੁੰਦਾ, ਘਰ ਆ ਕੇ ਡਾਈਨਿੰਗ ਟੇਬਲ 'ਤੇ ਬੈਠ ਰੋਟੀ ਖਾਣੀ ਦੂਭਰ ਹੋ ਜਾਂਦੀ, ਵੰਨ- ਸਵੰਨੇ ਖਾਣੇ, ਦੁਧੀਆ ਰੌਸ਼ਨੀ 'ਚ ਫੈਲਿਆ ਵੱਡਾ ਸਾਰਾ ਸਫ਼ੈਦ ਘਰ, ਘਰ 'ਚ ਸਜਾਈਆਂ ਕੀਮਤੀ ਚੀਜ਼ਾਂ, ਪਰਦੇ, ਕਾਰਪੈਟ, ਸੋਫੇ, ਕਮਰੇ ਸਭ ਬੇਜਾਨ ਲਗਦੇ, ਖਾਸ ਕਰ ਪਾਪਾ ਦਾ ਕਮਰਾ, ਬਿਲਕੁਲ ਭਾਂਅ-ਭਾਂਅ ਕਰਦਾ, ਉਨ੍ਹਾਂ ਦਾ ਬੈੱਡ, ਉਨ੍ਹਾਂ ਦੀ ਕਲੋਜ਼ਟ, 'ਕਲਜ਼ੋਟ 'ਚ ਟੰਗੇ ਉਨ੍ਹਾਂ ਦੇ ਕੋਟ, ਪੈਂਟਾਂ, ਕੋਟੀਆਂ, ਠਾਠੀਆਂ, ਪੱਗਾਂ, ਕਮਰੇ ਦੇ ਕੋਨੇ 'ਚ ਰੱਖਿਆ ਟੇਬਲ-ਲੈਂਪ, ਕੁਰਸੀ-ਮੇਜ਼, ਮੇਜ਼ ਦੀਆਂ ਦਰਾਜ਼ਾਂ 'ਚ ਰੱਖੀਆਂ ਉਰਦੂ ਦੀਆਂ ਕਿਤਾਬਾਂ, ਮੈਗਜ਼ੀਨ, ਗੁਟਕਾ, ਪੈੱਨ, ਮਾਲਾ 'ਤੇ ਇਹੋ ਜਿਹਾ ਹੀ ਹੋਰ ਨਿਕ-ਸੁੱਕ। ਰਾਤ ਨੂੰ ਬਹੁਤ ਦੇਰ ਤੱਕ ਨੀਂਦ ਨਾ ਆਉਂਦੀ, ਪਾਪਾ ਦੀ ਇਕ-ਇਕ ਗੱਲ ਯਾਦ ਆਉਂਦੀ, ਤੜਕੇ ਉੱਠ ਕੇ ਨਹਾਉਣਾ, ਫੇਰ ਘਰ 'ਚ ਘੁੰਮਣਾ-ਫਿਰਨਾ, ਸਭ ਦਾ ਖ਼ਿਆਲ ਰੱਖਣਾ, ਕੰਮਾਂ 'ਤੇ ਗਏ ਬੇਟਿਆਂ ਦੀ ਰਾਹ ਤੱਕਣੀ, ਉਨ੍ਹਾਂ ਦਾ ਫ਼ਿਕਰ ਕਰਨਾ, ਘਰ ਦੇ ਸਭ ਜੀਆਂ ਦਾ ਹੀ ਫਿਕਰ ਕਰਨਾ ਚਾਹੇ ਉਹ ਕੋਲ ਹੋਣ ਜਾਂ ਦੂਰ ਦੂਜੇ ਸ਼ਹਿਰਾਂ 'ਚ ਵਸਦੇ ਹੋਣ। ਲੱਗਦਾ ਸੀ ਪਾਪਾ ਪਿਆਰ ਦੇ ਸਾਗਰ ਸਨ, ਜੋ ਸਭ ਨੂੰ ਅਥਾਹ ਪਿਆਰ ਦੇ ਕੇ ਵੀ ਅਮੁੱਕ ਪਿਆਰ ਰੱਖਦੇ ਸਨ, ਤੇ ਹਰ ਇਕ ਨੂੰ ਲੱਗਦਾ ਸੀ ਉਹ ਪਾਪਾ ਦੇ ਜ਼ਿਆਦਾ ਨੇੜੇ ਹੈ। ਪਾਪਾ ਦੇ ਚਾਰ ਬੇਟੇ ਤੇ ਚਾਰ ਬੇਟੀਆਂ ਹਨ, ਬਚਪਨ ਤੋਂ ਬਾਅਦ ਜ਼ਿੰਦਗੀ ਦਾ ਇਹ ਪਹਿਲਾ ਮੌਕਾ ਸੀ ਕਿ ਅੱਠ ਭੈਣ-ਭਰਾ ਇਕੱਠੇ ਹੋ ਗਏ ਸਨ, ਮੈਂ ਇੰਡੀਆ ਤੋਂ ਗਈ ਸਾਂ, ਇਕ ਭੈਣ ਤੇ ਇਕ ਭਰਾ ਜੋ ਇੰਗਲੈਂਡ ਰਹਿੰਦੇ ਸਨ ਉਹ ਵੀ ਆ ਚੁੱਕੇ ਸਨ, ਪੋਰਟ ਅਲਬਰਨੀ 'ਚ ਰਹਿੰਦਾ ਭਰਾ ਵੀ ਆ ਚੁੱਕਾ ਸੀ, ਦੋ ਭਰਾ ਤਾਂ ਪਾਪਾ ਦੇ ਕੋਲ ਹੀ ਰਹਿੰਦੇ ਸਨ ਤੇ ਦੋ ਭੈਣਾਂ ਉਸੇ ਟਾਊਨ 'ਚ।

ਹਸਪਤਾਲ 'ਚ ਅੱਠਵਾਂ ਦਿਨ ਸੀ, ਹੁਣ ਤੱਕ ਪਾਪਾ ਨੂੰ ਦੋ ਵਾਰ ਲੇਜ਼ਰ ਥੈਰੇਪੀ ਦੀ ਟਰੀਟਮੈਂਟ ਦਿੱਤੀ ਜਾ ਚੁੱਕੀ ਸੀ ਤੇ ਪਾਪਾ ਏਨੇ ਕਮਜ਼ੋਰ ਹੋ ਚੁੱਕੇ ਸਨ ਕਿ ਹੁਣ ਉਹ ਬੈੱਡ ਤੋਂ ਉੱਤਰ ਵੀ ਨਹੀਂ ਸਕਦੇ ਸਨ, ਹਰ ਵੇਲੇ ਗੁਲੂਕੋਜ਼ ਲੱਗਾ ਰਹਿੰਦਾ ਸੀ, ਇਕ ਚਿੱਟਾ ਜਿਹਾ ਝਉਲਾ ਉਨ੍ਹਾਂ ਦੀ ਅੱਖਾਂ ਦੀਆਂ ਪੁਤਲੀਆਂ 'ਚ ਫੈਲ ਗਿਆ ਸੀ ਉਹ ਅੱਖਾਂ ਖੋਲ੍ਹ ਕੇ ਵੇਖਦੇ ਸਨ ਤਾਂ ਲੱਗਦਾ ਸੀ ਉਹ ਵੇਖ ਨਹੀਂ ਪਾਉਂਦੇ ਠੀਕ ਤਰ੍ਹਾਂ, ਜ਼ੁਬਾਨ ਥੁਥਲਾ ਗਈ ਸੀ, ਉਹ ਕੁਝ ਕਹਿੰਦੇ ਸਨ ਪਰ ਲਫ਼ਜ਼ ਬਣਨ ਤੋਂ ਪਹਿਲਾਂ ਹੀ ਟੁੱਟ ਜਾਂਦੇ ਸਨ, ਯਕੀਨ ਨਹੀਂ ਸੀ ਆਉਂਦਾ ਇਹ ਉਹੀ ਪਾਪਾ ਹਨ ਜੋ ਛੇ ਦਿਨ ਪਹਿਲਾਂ ਗੜ੍ਹਕਵੀਂ

ਬੁਲੰਦ ਆਵਾਜ਼ 'ਚ ਆਪਣੇ ਜੀਵਨ ਦੇ ਖ਼ੁਸ਼ਗਵਾਰ ਕਿੱਸੇ ਬਿਆਨ ਕਰ ਰਹੇ ਸਨ ਆਪਣੀ ਇਸ ਹਾਲਤ 'ਤੇ ਇਸ ਬੀਮਾਰੀ ਤੋਂ ਲਾਪਰਵਾਹ।

ਪਹਿਲੀ ਵਾਰ ਲੱਗਿਆ ਸੀ ਕਿ ਜ਼ਿੰਦਗੀ ਇੰਜ ਵੀ ਬੇਵਸ ਹੋ ਜਾਂਦੀ ਹੈ, ਦੁਨੀਆ ਦਾ ਬੇਹਤਰੀਨ ਕੋਨਾ ਉਸ ਕੋਨੇ 'ਚ ਬੇਹਤਰੀਨ ਇਲਾਜ, ਡਾਕਟਰਾਂ, ਇੱਕ ਭਰਿਆ-ਪੂਰਿਆ ਖ਼ੁਸ਼ਹਾਲ ਕੇਅਰ ਕਰਨ ਵਾਲਾ ਪਰਿਵਾਰ, ਸਭ ਕੁੱਝ ਤਾਂ ਸੀ ਪਰ ਫਿਰ ਵੀ ਪਾਪਾ ਹੌਲੀ-ਹੌਲੀ ਸਾਡੇ ਹੱਥਾਂ 'ਚੋਂ ਖਿਸਕ ਰਹੇ ਸਨ, ਮੈਂ ਯਕੀਨ ਨਹੀਂ ਕਰਨਾ ਚਾਹੁੰਦੀ ਸਾਂ। ਕੀ ਤੁਸੀਂ ਯਕੀਨ ਕਰ ਸਕਦੇ ਹੋ, ਕੋਈ ਤੁਹਾਡਾ ਆਪਣਾ, ਬਹੁਤ ਪਿਆਰਾ, ਬਹੁਤ ਵਧੀਆ ਇਨਸਾਨ, ਤੁਹਾਡੇ ਸਭ ਯਤਨਾਂ ਦੇ ਬਾਵਜੂਦ ਤੁਹਾਡੇ ਸਾਹਮਣੇ ਤੁਹਾਥੋਂ ਦੂਰ ਜਾ ਰਿਹਾ ਹੋਵੇ... ਕੀ ਕਰੋਗੇ ਤੁਸੀਂ? ਆਖ਼ਿਰ ਕੀ? ਪਾਪਾ ਬੋਲਣੋਂ ਹੱਟ ਗਏ, ਜ਼ੁਬਾਨ ਝੂਠੀ ਪੈ ਗਈ... ਖਾਣਾ ਖਾਣੋਂ ਹੱਟ ਗਏ... ਪਾਣੀ ਪੀਣੋਂ ਹੱਟ ਗਏ... ਅੱਖਾਂ ਦੀ ਜੋਤ ਮੱਧਮ ਪੈ ਗਈ... ਕੀ ਹੋ ਸਕਦਾ ਸੀ? ਡਾਕਟਰ ਨੂੰ ਰੱਬ ਬਣਾ ਸਕਦੇ ਸੀ? ਹਸਪਤਾਲ ਦੀਆਂ ਕੰਧਾਂ ਨਾਲ ਟਕਰਾ ਸਕਦੇ ਸੀ? ਵੱਡੀਆਂ-ਵੱਡੀਆਂ ਮਸ਼ੀਨਾਂ, ਦਵਾਈਆਂ ਨਾਲ ਲੜ ਸਕਦੇ ਸੀ? ਸ਼ਹਿਰ 'ਚ ਜਗਦੀਆਂ ਤਮਾਮ ਬੱਤੀਆਂ ਨੂੰ ਅੱਗ ਲਾ ਸਕਦੇ ਸੀ? ਕੋਈ ਵੀ ਹੱਸੇ ਜਾਂ ਮੁਸਕਰਾਏ ਜਾਂ ਪਾਪਾ ਤੋਂ ਬਿਨਾਂ ਕੋਈ ਹੋਰ ਗੱਲ ਕਰੇ ਉਸ ਨੂੰ ਰੋਕ ਸਕਦੇ ਸੀ? ਕੀ ਕਰ ਸਕਦੇ ਸੀ ਅਸੀਂ? ਅਸੀਂ ਸਭ ਪਾਪਾ ਬਾਰੇ ਗੱਲਾਂ ਕਰਦੇ-ਕਰਦੇ ਚੁੱਪ ਹੋ ਜਾਂਦੇ, ਉਦਾਸ ਹੋ ਜਾਂਦੇ, ਬੀਜੀ ਸਭ ਨੂੰ ਹੌਂਸਲਾ ਦਿੰਦੇ। ਬੀਜੀ ਮੈਨੂੰ ਸਭ ਤੋਂ ਵੱਧ ਮਜ਼ਬੂਤ ਲਗਦੇ ਸਨ। ਦਿਲ ਵਾਲੀ ਔਰਤ, ਜਿਸਨੇ ਪਾਪਾ ਨਾਲ ਚਾਲੀ ਸਾਲ ਬਿਤਾਏ। ਲੰਬੇ ਸਮੇਂ ਦਾ ਸਾਥ। ਦੁੱਖ-ਸੁੱਖ ਇਕੱਠੇ ਸਹੇ, ਸਗੋਂ ਪਾਪਾ ਤਾਂ ਬੀਜੀ ਨੂੰ ਪਿਆਰ ਵੀ ਬਹੁਤ ਕਰਦੇ ਸਨ। ਪਿਆਰ ਨਹੀਂ ਇਸ਼ਕ ਕਰਦੇ ਸਨ ਉਹ ਬੀਜੀ ਨੂੰ। ਇਕ ਪਲ ਦਾ ਵੀ ਵਸਾਹ ਨਾ ਕਰਨਾ, ਪਹਿਲਾਂ ਹਰ ਗੱਲ ਦੀ ਬੀਜੀ ਨਾਲ ਸਲਾਹ ਕਰਨੀ, ਫੇਰ ਕਦਮ ਪੁੱਟਣਾ।

ਲੇਜ਼ਰ ਥੈਰੇਪੀ ਦੀਆਂ ਚਾਰ ਟਰੀਟਮੈਂਟਸ ਤੋਂ ਬਾਅਦ ਡਾਕਟਰ ਨੇ ਇਹ ਪ੍ਰਕ੍ਰਿਆ ਕਰਨੀ ਬੰਦ ਕਰ ਦਿੱਤੀ, ਲੱਗਦਾ ਸੀ ਡਾਕਟਰ ਵੀ ਹੁਣ ਹਾਰ ਮੰਨ ਗਈ ਸੀ, ਚੀਨੀ ਡਾਕਟਰ ਜੋ ਪਾਪਾ ਦੀ ਇੰਚਾਰਜ ਸੀ, ਕਮਰੇ 'ਚ ਆਉਂਦੀ ਤਾਂ ਪਾਪਾ ਵੱਲ ਵੇਖਦੀ ਜ਼ਿਆਦਾ ਚੁੱਪ ਹੀ ਰਹਿੰਦੀ, ਫੇਰ ਉਸ ਨੇ ਸਿਰਫ਼ ਇੰਜੈਕਸ਼ਨ ਤੇ ਗੁਲੂਕੋਜ਼ ਤੇ ਹੀ ਨਿਰਭਰ ਕਰਨਾ ਸ਼ੁਰੂ ਕਰ ਦਿੱਤਾ।

ਕੀ ਕੋਈ ਚਮਕਤਾਰ ਨਹੀਂ ਹੋ ਸਕਦਾ? ਆਖ਼ਿਰ ਚਮਤਕਾਰ ਸ਼ਬਦ ਵੀ ਤਾਂ ਕਿਸੀ ਗੱਲ ਤੋਂ, ਕਿਸੀ ਸੱਚਾਈ ਤੋਂ ਹੀ ਬਣਿਆ ਹੋਵੇਗਾ, ਮੈਂ ਸੋਚਦੀ। ਮੈਂ ਬਹੁਤ ਸੋਚਦੀ ਸਾਂ। ਬਹੁਤ ਰੋਂਦੀ ਸਾਂ। ਪਾਪਾ ਦਾ ਇੰਜੈਕਸ਼ਨਾਂ ਦੀ ਘੂਕੀ ਤੋਂ ਜਦ ਹੋਸ਼ ਆਉਣਾ ਤਾਂ ਹੱਥ ਚੁੱਕ-ਚੁੱਕ ਕੁੱਝ ਕਹਿਣ ਦੀ ਕੋਸ਼ਿਸ਼ ਕਰਨਾ, ਇਹ ਮੰਜ਼ਰ ਤੱਕਣਾ ਬਹੁਤ ਜਿਗਰੇ ਦਾ ਕੰਮ ਲਗਦਾ ਸੀ ਉਹ ਸਾਥੋਂ ਜ਼ਿੰਦਗੀ ਮੰਗ ਰਹੇ ਸਨ, ਤੇ ਅਸੀਂ ਸਾਰੇ ਭੈਣ-ਭਾਰ ਬੇਵੱਸ ਕੋਲ ਖੜ੍ਹੇ ਹੁੰਦੇ ਸਾਂ, ਜਿਸਨੇ ਸਾਰੀ ਉਮਰ ਸਾਨੂੰ ਦਿੱਤਾ ਸੀ, ਉਹ ਅਗਰ ਅੱਜ ਸਾਥੋਂ ਕੁੱਝ ਮੰਗ ਰਿਹਾ ਸੀ ਤਾਂ ਅਸੀਂ ਖਾਲੀ ਹੱਥ ਸਾਂ, ਪਰ ਦਿਲ ਜਾਣਦਾ ਸੀ ਕਿ ਆਪਣੀ ਇਸ ਬੇਵਸੀ ਤੇ ਕਲੇਜਾ ਕਿਵੇਂ ਫੱਟਦਾ ਸੀ ਤੇ ਅੱਖਾਂ ਕਿਵੇਂ ਬਰਸਦੀਆਂ ਸਨ...।

ਹੌਲੀ-ਹੌਲੀ ਬਾਰ੍ਹਾਂ ਦਿਨ ਬੀਤ ਗਏ। ਰੋਜ਼ ਪਾਪਾ ਪਹਿਲੇ ਦਿਨ ਨਾਲੋਂ ਜ਼ਿਆਦਾ ਦੂਰ ਜਾਂਦੇ ਵਿਖਾਈ ਦਿੰਦੇ, ਵੱਡੇ ਭੈਣ ਜੀ ਪਾਪਾ ਦਾ ਹੱਥ ਫੜ ਸਿਮਰਨ ਕਰਦੇ ਰਹਿੰਦੇ, ਬੀਜੀ ਵੀ ਚੁੱਪ-ਚਾਪ ਕੋਲ ਕੁਰਸੀ 'ਤੇ ਬੈਠੇ ਪਾਠ ਕਰਦੇ ਰਹਿੰਦੇ...ਤੇ ਮੈਂ ਬੇਚੈਨ ਇੱਧਰ-ਉਧਰ ਘੁੰਮਦੀ ਰਹਿੰਦੀ... ਪਾਠ 'ਚ ਤਾਂ ਮਨ ਹੀ ਨਾ ਲੱਗਦਾ... ਕੀ ਫਾਇਦਾ ਪਾਠ ਦਾ? ਕੀ ਕਹਿਣਾ ਹੈ ਪਾਠ 'ਚ ਕਿ ਪਾਪਾ ਨੂੰ ਕੁੱਝ ਸਾਹ ਹੋਰ ਉਧਾਰੇ ਦੇ ਦੇ ਰੱਬਾ... ਪਰ ਜੇ ਪਾਪਾ ਬੋਲ ਹੀ ਨਹੀਂ ਸਕਦੇ... ਵੇਖ ਹੀ ਨਹੀਂ ਸਕਦੇ... ਜਾਂ ਤਾਂ ਇਹ ਹੋਵੇ ਕਿ ਉਹ ਉਠ ਕੇ ਬੈਠ ਜਾਣ... ਗੱਲਾਂ ਕਰਨ... ਮੂੰਹ ਭਰ ਕੇ ਵਾਜ ਮਾਰਨ... ਉਠ ਕੇ ਤੁਰ ਪੈਣ ਘਰ ਨੂੰ... ਉਸੀ ਘਰ ਨੂੰ ਜਿਸ ਨੂੰ ਵੇਖ-ਵੇਖ ਹੁੰਬਦੇ ਸਨ, ਜਿਸਦੇ ਭਿੰਨ-ਭਿੰਨ ਕੋਨਿਆਂ 'ਚ ਬੈਠ ਅਖ਼ਬਾਰਾਂ ਪੜ੍ਹਨ ਦਾ ਆਨੰਦ ਉਠਾਉਂਦੇ ਸਨ, ਉਹ ਘਰ ਜਿਸਦੀ ਸ਼ਾਨ 'ਤੇ ਆਨ ਸਨ ਪਾਪਾ, ਘਰ ਦਾ ਸਰਦਾਰ, ਘਰ ਦਾ ਮਾਲਿਕ ਜਾ ਰਿਹਾ ਸੀ ਹੁਣ... ਕੋਈ ਰੋਕੋ...ਕੋਈ ਚਾਰਾ ਕਰ ਲਵੋ... ਦਿਲ ਕਰਦਾ ਸੀ ਚੀਖ-ਚੀਖ ਕੇ ਕਰ੍ਹਾਂ, ਕੋਈ ਤਾਂ ਬਹੁੜ ਜੇ, ਜਾਂਦੇ ਪਾਪਾ ਨੂੰ ਰੋਕ ਸਕੇ, ਕੀਹਦੇ ਪੈਰ ਫੜਾਂ? ਕੀਹਦੇ ਤਰਲੇ ਕਰਾਂ?

ਜੁਆਨ ਮਰ ਜਾਵੇ ਤਾਂ ਲੋਕ ਕਹਿੰਦੇ ਨੇ ਇਹ ਕੋਈ ਉਮਰ ਸੀ ਮਰਨ ਦੀ... ਮੈਂ ਕਿਵੇਂ ਸਮਝਾਵਾਂ ਸਭ ਨੂੰ ਕਿ ਆਪਣੇ ਪਿਆਰ ਦੀ ਮਰਨ ਦੀ ਤਾਂ ਕੋਈ ਵੀ ਉਮਰ ਨਹੀਂ ਹੁੰਦੀ, ਕੀ ਹੋਏਗਾ? ਕਿਵੇਂ ਆਦਤ ਪਾਵਾਂਗੀ ਪਾਪਾ ਤੋਂ ਬਿਨਾਂ ਜੀਣ ਦੀ... ਇਹ ਅਹਿਸਾਸ ਕਿ ਪਾਪਾ ਇਸ ਧਰਤੀ 'ਤੇ ਨਹੀਂ... ਕਿਵੇਂ ਜ਼ਰਾਗੀ? ਕਿਵੇਂ ਸਹਾਂਗੀ? ਜਿਉਂ-ਜਿਉਂ ਮੈਂ ਇਉਂ ਸੋਚਦੀ ਸਾਂ ਲੱਗਦਾ ਸੀ ਪਾਪਾ ਹੋਰ ਵੀ ਮੈਨੂੰ ਮਾਨਸਿਕ ਰੂਪ ਵਿੱਚ ਤਿਆਰ ਕਰ ਰਹੇ ਸਨ ਜਿਵੇਂ ਕਹਿ ਰਹੇ ਹੋਣ ਜਦ ਤਕ ਤੁਸੀਂ ਇਸ ਸਦਮੇ ਨੂੰ ਬਰਦਾਸ਼ਤ ਕਰਨ ਦੀ ਤਾਕਤ ਨਹੀਂ ਜੁਟਾਉਂਦੇ ਮੈਂ ਜਾਵਾਂਗਾ ਨਹੀਂ...।

ਸਾਰਾ ਟੱਬਰ ਪਾਪਾ ਦੁਆਲੇ ਬੈਠਾ ਸੀ, ਡਾਕਟਰ ਖਾਮੋਸ਼ ਹੋ ਚੁੱਕੇ ਸਨ, ਕਾਇਨਾਤ ਸਾਹ ਰੋਕੀ ਤੱਕ ਰਹੀ ਸੀ ਤੇ ਪਾਪਾ ਦੀ ਸਿਰਫ਼ ਸਾਹਾਂ ਦੀ ਧੜਕਣ ਕਮਰੇ 'ਚ ਗੂੰਜ ਰਹੀ ਸੀ...ਮਨ ਜਿਵੇਂ ਰੱਬ ਨਾਲ ਜਦੋ-ਜਹਿਦ ਕਰ ਰਿਹਾ ਸੀ, ਰੱਬ ਜਿਵੇਂ ਪੁੱਛ ਰਿਹਾ ਹੋਵੇ, "ਦੱਸ ਫੇਰ ਕੀ ਕਰਨਾ ਹੈ?"

"ਪਰ ਪਾਪਾ ਤੋਂ ਬਿਨਾਂ ਕੀ ਕਰਾਂਗੇ ਅਸੀਂ? ਉਹ ਤਾਂ ਸਾਡਾ ਦਾਰੋਮਦਾਰ ਹਨ, ਸਾਡਾ ਸਭ ਕੁਝ" ਮਨ ਤਰਲਾ ਕਰਦਾ।

"ਪਰ ਇਹ ਤਾਂ ਅਟੱਲ ਸੱਚਾਈ ਹੈ।"

"ਪਰ ਕੁੱਝ ਵਰ੍ਹਿਆਂ ਬਾਅਦ ਫੇਰ ਵੀ ਤਾਂ ਇਹ ਜੁਦਾਈ ਝੱਲਣੀ ਹੀ ਪੈਣੀ ਹੈ... ਨਾਲੇ ਹੁਣ ਲਿਖੀ ਨੂੰ ਕਿਵੇਂ ਮੇਟਾਂ? ਸਭ ਹਿਸਾਬ-ਕਿਤਾਬ ਗੜਬੜ ਹੋ ਜਾਊ।"

"ਨਹੀਂ ਮੈਨੂੰ ਨਹੀਂ ਪਤਾ, ਮੈਂ ਨਹੀਂ ਜਾਣਦਾ ਕੁੱਝ ਵੀ... ਮੈਨੂੰ ਬਸ ਇਹ ਆਦਮੀ ਚਾਹੀਦਾ ਹੈ, ਇਹਦੇ ਪਿਆਰ ਦੀ ਆਦਤ ਪੈ ਚੁੱਕੀ ਹੈ ਮੈਨੂੰ" ਮਨ ਜ਼ਿਰਹ ਕਰਦਾ।

"ਚੰਗਾ ਤੇਰੀ ਮਰਜ਼ੀ, ਸੋਚ ਲੈ... ਨਾਲੇ ਕਿੰਨਾ ਕੁ ਚਿਰ ਤੁਸੀਂ ਬੈਠੇ ਰਹੋਗੇ ਦੁਆਲੇ ਇਹਦੇ... ਇਸ ਦੇਸ਼ 'ਚ ਕੌਣ ਵਿਹਲਾ ਹੈ? ਸਭ ਕੰਮਾਂ-ਕਾਰਾਂ ਵਾਲੇ ਲੋਕ ਹਨ..."

"ਬੱਸ-ਬੱਸ ਮੈਂ ਕੁਝ ਨਹੀਂ ਸੁਣਨਾ ਚਾਹੁੰਦਾ, ਕਰੀ ਜਾ ਜੋ ਤੇਰੇ ਮਨ 'ਚ ਆਉਂਦੇ" ਮਨ ਨੇ ਜਿਵੇਂ ਹਥਿਆਰ ਸੁੱਟ ਦਿੱਤੇ।

ਲੱਗਿਆ ਪਾਪਾ ਦੁਆਲੇ ਬੈਠੇ ਟੱਬਰ ਤੋਂ ਇਲਾਵਾ ਜੋ ਰਿਸ਼ਤੇਦਾਰ ਜਾਂ ਮਿੱਤਰ ਸੱਜਣ ਆਉਂਦੇ ਸਨ ਉਹ ਇਹੀ ਚੈੱਕ ਕਰਨ ਆਉਂਦੇ ਸਨ ਕਿ 'ਕਿੱਦਾਂ ਬਈ, ਕਿੰਨਾ ਕੁ ਚਿਰ ਹੋਰ...?" ਜਾਂ ਹੋ ਸਕਦਾ ਟੱਬਰ 'ਚ ਵੀ ਕੋਈ... ਨਹੀਂ ਨਹੀਂ ਟੱਬਰ 'ਤੇ ਸ਼ੱਕ ਨਹੀਂ ਕਰਨਾ ਚਾਹੀਦਾ। ਨਾਲ ਕੀ ਫਾਇਦਾ ਇੱਦਾਂ ਸੋਚਣ ਦਾ, ਜਿਹਦੀ ਜਿੰਨੀ ਕਿਸ ਨਾਲ ਅਟੈਚਮੈਂਟ ਹੁੰਦੀ ਹੈ ਉਹ ਉਨ੍ਹਾਂ ਕੁ

ਸੋਚਦੈ... ਇਹ ਤਾਂ ਆਪਣੀ-ਆਪਣੀ ਅਟੈਚਮੈਂਟ ਦੀ ਗੱਲ ਹੈ ਮੈਂ ਮਨ ਨੂੰ ਸਮਝਾਇਆ।

ਸੱਤ ਜੂਨ ਸ਼ਾਮ ਦੇ ਚਾਰ ਵਜੇ ਅਚਾਨਕ ਮਨ ਦੀ 'ਤੇ ਰੱਬ ਦੀ ਜ਼ਿਰਹ ਖ਼ਤਮ ਹੋ ਗਈ। ਰੱਬ ਜਿੱਤ ਗਿਆ ਮਨ ਹਾਰ ਗਿਆ। ਬਸ ਕੁੱਝ ਅਹਿਸਾਸ ਬਾਕੀ ਰਹਿ ਗਏ ਸਨ ਜਿਨ੍ਹਾਂ ਬਾਰੇ ਮੈਂ ਪਹਿਲੀ ਵਾਰ ਜਾਣਿਆ ਸੀ ਕਿ ਮੌਤ ਬਹੁਤ ਭਿਆਨਕ ਚੀਜ਼ ਹੈ, ਤੇ ਜਦੋਂ ਬੰਦਾ ਮਰਦਾ ਹੈ ਸਿਰਫ਼ ਉਹੀ ਨਹੀਂ ਮਰਦਾ ਉਸ ਨਾਲ ਹੋਰ ਵੀ ਬਹੁਤ ਕੁੱਝ ਮਰ ਜਾਂਦਾ ਹੈ।... ਤੇ ਪਿੱਛੇ ਰਹਿ ਗਏ ਰੋਂਦੇ ਕੰਬਦੇ ਇਨਸਾਨਾਂ ਨੂੰ ਸੱਚਮੁੱਚ ਢਾਰਸ ਦੀ ਲੋੜ ਹੁੰਦੀ ਹੈ... ਕਿਸੇ ਸਹਾਰੇ ਦੀ। ਹਾਰਨ ਪਿੱਛੋਂ ਬੰਦਾ ਸਹਾਰਾ ਹੀ ਤਾਂ ਲੱਭਦਾ ਹੈ।

ਪਾਪਾ ਦੇ ਜਾਣ ਪਿੱਛੋਂ ਲੰਬੀਆਂ ਰਸਮਾਂ ਦਾ ਸਿਲਸਿਲਾ ਸ਼ੁਰੂ ਹੋਇਆ। ਹਸਪਤਾਲ ਤੋਂ ਘਰ ਆਉਣਾ। ਪਾਪਾ ਦੀ ਬਾਡੀ ਨੂੰ ਕੇਅਰ ਹਾਊਸ 'ਚ ਰੱਖਣਾ। ਘਰ ਲੋਕਾਂ ਦੀ ਲੰਬੀ-ਚੌੜੀ ਆਵਾਜਾਈ, ਫ਼ੋਨਾਂ ਦੀ ਲਗਾਤਾਰ ਵੱਜਦੀਆਂ ਘੰਟੀਆਂ, ਘਰ ਦੇ ਹਾਲ 'ਚ ਆਪਣਿਆਂ ਦੀਆਂ ਗੂੰਜਦੀਆਂ ਸਿਸਕੀਆਂ, ਫੇਰ ਚਾਰ ਦਿਨਾਂ ਪਿੱਛੋਂ ਪਾਪਾ ਦਾ ਫਿਊਨਰਲ... ਫਿਊਨਰਲ ਹਾਲ 'ਚ ਬਣਾਈਆਂ ਗੋਰਿਆਂ ਦੀਆਂ ਰਸਮਾਂ, ਫੁੱਲਾਂ ਨਾਲ ਸਜਾਇਆ ਪਾਪਾ ਦਾ ਬਕਸਾ ਜਿਸ 'ਚ ਉਹ ਟੌਹਰ ਕੱਢੀ ਸ਼ਾਂਤ ਪਏ ਸਨ, ਬੈਕ-ਗ੍ਰਾਊਂਡ 'ਚ ਗੂੰਜਦੇ ਭਜਨ ਤੇ ਉਦਾਸ ਸੁਰਾਂ। ਫਿਊਨਰਲ ਹਾਲ 'ਚ ਮੂਹਰਲੇ ਬੈਂਚਾਂ 'ਤੇ ਬਹੁਤ ਨੇੜਲੇ ਰਿਸ਼ਤਦੇਦਾਰ ਇੱਕ ਪਾਸੇ ਮਰਦ ਤੇ ਦੂਜੇ ਪਾਸੇ ਔਰਤਾਂ ਤੇ ਪਿੱਛੇ ਬੈਠੇ ਦੂਰ ਦੇ ਰਿਸ਼ਤੇਦਾਰ ਤੇ ਹੋਰ ਸੱਜਣ-ਮਿੱਤਰ ਤੇ ਜਾਣੂ-ਪਛਾਣੂ... ਹੱਥਾਂ 'ਚ ਫੜੇ ਸਭ ਦੇ ਫੁੱਲ ਵਾਰੀ-ਵਾਰੀ ਪਾਪਾ ਕੋਲ ਜਾਣ ਲੱਗੇ ਤੇ ਅਖ਼ੀਰ ਬਕਸਾ ਬੰਦ ਕਰਕੇ ਦੂਜੇ ਹਾਲ 'ਚ ਭੇਜਿਆ ਗਿਆ... ਯਾਨੀ ਕਹਾਣੀ ਮੁੱਕ ਗਈ ਉਸ ਜਿਸ ਦੀ ਵੀ ਹੋਂਦ ਮੁੱਕ ਗਈ ਜੋ ਹੁਣ ਤੱਕ ਸੀ... ਯਾਨੀ ਹੌਲੀ-ਹੌਲੀ ਸਭ ਦੂਰ ਖਿਸਕ ਗਿਆ... ਵੇਖਦਿਆਂ ਹੀ ਵੇਖਦਿਆਂ ਮੁੜ ਤਿੰਨਾਂ ਦਿਨਾਂ ਬਾਅਦ ਗੁਰਦੁਆਰੇ 'ਚ ਵੀ ਰਖਾਏ ਪਾਠ ਦਾ ਭੋਗ ਪਾ ਦਿੱਤਾ ਗਿਆ, ਲੰਗਰ 'ਚ ਪਾਪਾ ਦੀ ਪਸੰਦ ਦੀਆਂ ਸਬਜ਼ੀਆਂ ਤੇ ਮਿਠਾਈਆਂ... ਦਿਲ ਸੀ ਕਿ ਬਾਰ-ਬਾਰ ਭਰ ਆਉਂਦਾ ਸੀ.. ਕੀ ਸਭ ਦੇ ਦਿਲਾਂ 'ਤੇ ਇਉਂ ਹੀ ਬਣਦੀਆਂ ਹੋਣਗੀਆਂ... ਜਦ ਸਭਦੇ ਆਪਣੇ ਵਿਛੜਦੇ ਹੋਣਗੇ... ਮੈਂ ਸੋਚਦੀ।

ਸਭ ਰਸਮਾਂ ਮੁਕਾ ਅਸੀਂ ਜਿਵੇਂ ਖਾਲੀ ਜਿਹੇ ਹੋ ਕੇ ਘਰ ਬੈਠੇ। ਅਚਾਨਕ ਜਿਹਨੂੰ ਕੋਈ ਗੱਲ ਯਾਦ ਆ ਜਾਂਦੀ ਪਾਪਾ ਦੀ, ਉਹ ਰੋ ਪੈਂਦਾ, ਬੀਜੀ ਉਸ ਨੂੰ ਚੁੱਪ ਕਰਾਉਂਦੇ। ਮੈਂ ਉਸ ਦਿਨ ਤੋਂ ਹੀ ਵੇਖ ਰਹੀ ਸਾਂ ਜਿੱਦਣ ਦੇ ਪਾਪਾ ਬੀਮਾਰ ਹੋ ਤੁਰ ਗਏ ਕਿ ਬੀਜੀ ਸਭ ਦੀਆਂ ਗੱਲਾਂ ਦਾ ਜੁਆਬ ਦਿੰਦੇ ਸਨ, ਲੜੀਵਾਰ ਠਰ੍ਹੰਮੇ ਨਾਲ। ਤੇ ਜਦ ਕੋਈ ਭੈਣ-ਭਰਾ ਰੋਂਦਾ ਬੀਜੀ ਉਸ ਨੂੰ ਬੁੱਕਲ 'ਚ ਲੈ ਲੈਂਦੇ ਤੇ ਆਪ ਅਡੋਲ ਬਣੇ ਰਹਿੰਦੇ। ਲੱਗਦਾ ਸੀ ਬੀਜੀ ਨੇ ਸਭ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਸੀ। ਕਿਵੇਂ ਉਹ ਸਭ ਦੇ ਸਿਰਾਂ 'ਤੇ ਹੱਥ ਰੱਖਦੇ ਸਨ, ਸਭ ਦੇ ਮੋਢੇ ਥਾਪੜਦੇ ਸਨ, ਸਭ ਦੀਆਂ ਪਿੱਠਾਂ ਪਲੋਸਦੇ ਸਨ...।

ਇੱਕ-ਇੱਕ ਕਰਕੇ ਦੂਰੋਂ ਆਏ ਰਿਸ਼ਤੇਦਾਰ ਜਾਣ ਲੱਗ ਪਏ। ਪੋਰਟਅਲਬਰਨੀ ਤੋਂ ਆਈ ਭੂਆ ਜੀ ਚਲੇ ਗਏ। ਵੱਡੇ ਭਾਜੀ ਵੀ ਚਲੇ ਗਏ। ਸਭ ਤੋਂ ਵੱਡੇ ਭਾਜੀ ਜੋ ਇੰਗਲੈਂਡ ਤੋਂ ਆਏ ਸਨ, ਕੁੱਝ ਦਿਨ ਪੋਰਟ ਅਲਬਰਨੀ ਗੁਜ਼ਾਰਨ ਚਲੇ ਗਏ। ਸਕਾਟਲੈਂਡ ਤੋਂ ਆਇਆ ਭਤੀਜਾ ਵੀ ਜਾਣ ਨੂੰ ਤਿਆਰ ਸੀ, ਤੇ ਸਾਊਥ ਹਾਲ ਤੋਂ ਆਈ ਵੱਡੀ ਭੈਣ ਵੀ। ਮੇਰੇ ਵੀਜ਼ੇ ਦੀ ਮਿਆਦ ਵੀ ਮੁੱਕਣ ਤੇ ਆ ਗਈ। ਆਖ਼ਿਰ ਮੈਂ ਵੀ ਪਰਤਣਾ ਸੀ। ਪਾਪਾ ਨੇ ਮਿਲਦਿਆਂ ਹੀ ਕਿਹਾ ਸੀ ਕਿ ਛੇ ਮਹੀਨਿਆਂ ਤੋਂ ਪਹਿਲਾਂ ਨਹੀਂ ਜਾਣਾ ਤੂੰ... ਪਰ ਆਪ ਮਹੀਨੇ ਮਗਰੋਂ ਹੀ ਤੁਰ ਗਏ... ਕੁੱਝ ਗਰਮ-ਗਰਮ ਉਬਲ-ਉਬਲ ਅੱਖਾਂ ਵੱਲ ਉਮੜਦਾ ਸੀ... ਰੋਣ ਨੂੰ ਮੈਂ ਲੁਕਾਉਂਦੀ ਸਾਂ, ਝਿਜਕ ਜਿਹੀ ਹੀ ਹੋ ਜਾਂਦੀ ਸੀ ਕਦੀ-ਕਦੀ ਸਭ ਕੀ ਕਹਿਣਗੇ ਏਨਾਂ ਰੋਂਦੀ ਹੈ... ਆਖ਼ਿਰ ਸਭ ਨੂੰ ਮਿਲਦੀ ਮੈਂ ਪਾਪਾ ਦੇ ਘਰ ਦੀ ਸਰਦਲ ਟੱਪ ਕੇ ਛੋਟੇ ਵੀਰ ਦੀ ਵੈਨ 'ਚ ਜਾ ਬੈਠੀ ਸਾਂ, ਬਾਰਿਸ਼ ਨਾਲ ਗਿੱਲੀਆਂ ਸੜਕਾਂ 'ਤੇ ਰਾਤ ਦੇ ਘੁੱਪ ਹਨ੍ਹੇਰੇ 'ਚ ਲਾਲ ਤੇ ਪੀਲੀਆਂ ਬੱਤੀਆਂ ਦੀ ਲੋਅ 'ਚ ਵੈਨ ਦੌੜ ਰਹੀ ਸੀ ਏਅਰਪੋਰਟ ਵੱਲ, ਬੀਜੀ ਕੋਲ ਬੈਠੇ ਸਨ, ਸ਼ਾਂਤ ਤੇ ਖ਼ਾਮੋਸ਼। ਵੈਨ ਮਗਰ ਆਉਂਦੀਆਂ ਦੂਜੀਆਂ ਕਾਰਾਂ 'ਚ ਮੇਰੇ ਭਰਾ, ਜੀਜਾ, ਭਤੀਜਾ, ਭਾਣਜੀ, ਜੁਆਈ ਆਦਿ ਸਨ।

"ਇਸ ਮੋੜ ਤੋਂ ਹਸਪਤਾਲ ਵੱਲ ਸੜਕ ਮੁੜਦੀ ਹੈ" ਮੈਂ ਪਛਾਣ ਕੇ ਯਾਦ ਕਰਕੇ ਕਿਹਾ ਤੇ ਰੋ ਪਈ। ਬੀਜੀ ਫਿਰ ਵੀ ਚੁੱਪ ਰਹੇ।

"ਕਨੇਡਾ 'ਚ ਸਭ ਹੋਣਗੇ ਪਰ ਮੇਰੇ ਪਾਪਾ ਨਹੀਂ" ਮੈਂ ਫਿਰ ਰੋ ਪਈ। ਸ਼ਾਂਤ ਬੀਜੀ ਨੇ ਮੈਨੂੰ ਕਲਾਵੇ 'ਚ ਲੈ ਲਿਆ, ਹਿੱਕ ਨਾਲ ਲਾ ਲਿਆ।

ਏਅਰਪੋਰਟ 'ਤੇ ਅਸੀਂ ਅਲੱਗ-ਅਲੱਗ ਕੁਰਸੀਆਂ 'ਤੇ ਬੈਠ ਗਏ, ਬੀਜੀ ਤੇ ਮੈਂ ਬੈਠੀਆਂ ਰਹੀਆਂ ਜਦਕਿ ਬਾਕੀ ਸਭ ਮਰਦ ਕੁੱਝ ਜ਼ਰੂਰੀ ਕਾਗਜ਼ ਵਗੈਰਾ ਚੈੱਕ ਕਰਨ ਕਾਊਂਟਰ ਵੱਲ ਚਲੇ ਗਏ। ਇੱਕ ਅਸਹਿ ਚੁੱਪ ਮੇਰੇ 'ਤੇ ਬੀਜੀ ਵਿੱਚਕਾਰ ਪਸਰੀ ਹੋਈ ਸੀ, ਸਾਹਮਣੇ ਕੋਈ ਪੰਜਾਬੀ ਭਾਈ ਬੜੀ ਤੇਜ਼ੀ ਨਾਲ ਰਾਤ ਦੀ ਡਿਊਟੀ ਤੇ ਏਅਰਪੋਰਟ ਦਾ ਫਰਸ਼ ਸਾਫ ਕਰ ਰਿਹਾ ਸੀ, ਖੱਬੇ ਤੋਂ ਸੱਜੇ, ਸੱਜੇ ਤੋਂ ਖੱਬੇ...।

"ਮੈਂ ਵੀ ਹੁਣ ਛੇਤੀ ਇੰਡੀਆ ਆ ਜਾਊਂਗੀ" ਅਚਾਨਕ ਬੀਜੀ ਦੇ ਬੋਲਾਂ ਨਾਲ ਚੁਫੇਰੇ ਫੈਲੀ ਚੁੱਪ ਟੁੱਟੀ।

"ਹਾਂ... ਇਥੇ ਤਾਂ ਹੁਣ.. ਹੋਇਆ ਜੀਊੜਾ ਉਦਾਸ..." ਟੁੱਟਵੇਂ ਸ਼ਬਦਾਂ 'ਚ ਆਖ ਬੀਜੀ ਭੁੱਬ ਮਾਰ ਕੇ ਰੋ ਪਏ। ਉਹ ਔਰਤ ਜੋ ਪਿਛਲੇ ਵੀਹਾਂ ਦਿਨਾਂ 'ਚ ਵਾਪਰੇ ਹਾਦਸੇ ਤੇ ਮੁੜ ਹਾਦਸੇ ਪਿੱਛੋਂ ਨਿਭਦੀਆਂ ਰਸਮਾਂ 'ਚ ਹੁਣ ਤੱਕ ਸਿਰਫ਼ ਦੂਜਿਆਂ ਨੂੰ ਹੌਂਸਲਾ ਦਿੰਦੀ ਰਹੀ ਸੀ, ਉਹ ਔਰਤ ਹੁਣ ਫੁੱਟ-ਫੁੱਟ ਕੇ ਰੋ ਰਹੀ ਸੀ ਪਰ ਮੇਰੇ ਕੋਲ ਉਸ ਨੂੰ ਹੌਂਸਲਾ ਦੇਣ ਲਈ ਸਭ ਸ਼ਬਦ ਝੂਠੇ ਪੈ ਗਏ ਸਨ ਉਸਦੇ ਇਨ੍ਹਾਂ ਸ਼ਬਦਾਂ ਅੱਗੇ ਕਿ "ਹੋਇਆ ਜੀਊੜਾ ਉਦਾਸ"...।

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂ ਰੁੱਲ ਜਾਵੋਗੇ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

# ਸ਼ੋਕ ਸਮਾਚਾਰ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਰਜਿ. ਚੰਡੀਗੜ੍ਹ ਦੇ ਪ੍ਰਧਾਨ ਸ. ਹਰਭਜਨ ਸਿੰਘ ਜੀ ਸੇਵਾ ਮੁਕਤ ਡਿਪਟੀ ਚੀਫ਼ ਇੰਜੀਨੀਅਰ ਦੇ ਛੋਟੇ ਭਰਾਤਾ ਸ. ਸੇਵਾ ਸਿੰਘ ਜੀ 26-10-2022 ਨੂੰ ਦਿਲ ਦਾ ਦੌਰਾ ਪੈਣ ਕਾਰਨ ਅਚਾਨਕ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਸ. ਸੇਵਾ ਸਿੰਘ ਪੰਜਾਬ ਐਂਡ ਸਿੰਧ ਬੈਂਕ ਵਿਚੋਂ ਸੀਨੀਅਰ ਮੈਨੇਜਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਸਨ। ਉਨ੍ਹਾਂ ਦਾ ਜਨਮ ਸੰਨ 1956 ਵਿਚ ਪਿਤਾ ਮਾਸਟਰ ਮਹਿੰਗਾ ਸਿੰਘ ਜੀ ਅਤੇ ਮਾਤਾ ਬਲਵੰਤ ਕੌਰ ਦੇ ਘਰ ਪਿੰਡ ਗਿਲਜੀਆਂ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਸਰਕਾਰੀ ਕਾਲਜ ਟਾਂਡਾ ਉੜਮੁੜ ਤੋਂ ਬੀ.ਐਸ.ਸੀ. ਫਸਟ ਕਲਾਸ ਫਸਟ ਰਹਿ ਕੇ ਪਾਸ ਕੀਤੀ। ਅੱਜ ਵੀ ਇਸ ਕਾਲਜ ਦੇ ਆਨਰ ਬੋਰਡ 'ਤੇ ਆਪ ਜੀ ਦਾ ਨਾਮ ਸੁਸ਼ੋਭਿਤ ਹੈ। ਪੜ੍ਹਾਈ ਪੂਰੀ ਕਰਨ ਉਪਰੰਤ ਆਪ ਜੀ ਪੰਜਾਬ ਐਂਡ ਸਿੰਧ ਬੈਂਕ ਵਿਚ ਭਰਤੀ ਹੋਏ ਅਤੇ ਬਹੁਤ ਹੀ ਸਫ਼ਲ ਬੈਂਕ ਪ੍ਰਬੰਧਕ ਦੀ ਨੌਕਰੀ ਕਰਦੇ ਹੋਏ ਆਪ ਜੀ ਸੀਨੀਅਰ ਬੈਂਕ ਮੈਨੇਜਰ ਦੇ ਪਦ ਤੋਂ ਸੇਵਾ ਮੁਕਤ ਹੋਏ ਸਨ। ਆਪ ਜੀ ਨੇ ਸ਼ਾਦੀ ਨਹੀਂ ਕਰਵਾਈ ਸੀ। ਸਾਰੇ ਪਰਿਵਾਰ ਅਤੇ ਬਾਕੀ ਭੈਣ-ਭਰਾਵਾਂ ਵਿਚ ਆਪ ਜੀ ਦਾ ਬਹੁਤ ਸਤਿਕਾਰ ਸੀ। ਆਪ ਜੀ ਵੱਲੋਂ ਕਈ ਗਰੀਬ ਪਰਿਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਵਿਚ ਮੱਦਦ ਕੀਤੀ ਗਈ ਤਾਂ ਜੋ ਉਹ ਪੜ੍ਹ-ਲਿਖ ਸਕਣ। ਉਨ੍ਹਾਂ ਦੀ ਅੰਤਿਮ ਅਰਦਾਸ ਮਿਤੀ 05-11-2022 ਨੂੰ ਪਿੰਡ ਗਿਲਜੀਆਂ ਦੇ ਗੁਰਦੁਆਰਾ ਸਾਹਿਬ ਵਿਚ ਕੀਤੀ ਗਈ। ਇਸ ਮੌਕੇ ਸੰਗਤ ਵਿਚ ਸ. ਸੰਗਤ ਸਿੰਘ ਗਿਲਜੀਆਂ ਸਾਬਕਾ ਕੈਬਨਿਟ ਮੰਤਰੀ ਪੰਜਾਬ, ਚੌਧਰੀ ਬਲਬੀਰ ਸਿੰਘ ਮਿਆਣੀ ਸਾਬਕਾ ਰਾਜ ਮੰਤਰੀ ਪੰਜਾਬ, ਲਖਵਿੰਦਰ ਸਿੰਘ ਲੱਖੀ ਸਾਬਕਾ ਸੂਚਨਾ ਕਮਿਸ਼ਨਰ ਪੰਜਾਬ, ਗੁਰਚਰਨ ਸਿੰਘ ਸੀਨੀਅਰ ਮੀਤ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ, ਭਗਵਾਨ ਸਿੰਘ ਲੁਬਾਣਾ ਸੰਪਾਦਕ ਲੁਬਾਣਾ ਸੇਵਕ, ਪਰਮਿੰਦਰਜੀਤ ਸਿੰਘ ਐਡੀਸ਼ਨਲ ਮੁੱਖ ਸੰਪਾਦਕ ਲੁਬਾਣਾ ਸੇਵਕ, ਇੰਜ. ਬਲਜੀਤ ਸਿੰਘ ਭਗਤਾਣਾ, ਪ੍ਰਿੰ. ਟਹਿਲ ਸਿੰਘ ਮੀਤ ਪ੍ਰਧਾਨ, ਪ੍ਰਿੰ. ਜੋਗਿੰਦਰ ਸਿੰਘ, ਅਵਤਾਰ ਸਿੰਘ ਡੀ.ਐਸ.ਪੀ., ਵਕੀਲ ਗੁਰਨਾਮ ਸਿੰਘ ਪੇਲੀਆ, ਇੰਜ. ਹਰਸੱਜਣ ਸਿੰਘ ਤੋਂ ਇਲਾਵਾ ਇਲਾਕੇ ਅਤੇ ਪਿੰਡ ਗਿਲਜੀਆਂ ਦੇ ਮੋਹਤਬਰ ਸੱਜਣ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਹਾਜ਼ਰ ਹੋਏ। ਅੰਤ ਵਿਚ ਪ੍ਰਧਾਨ ਸ. ਹਰਭਜਨ ਸਿੰਘ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਨੂੰ 5100 ਰੁਪਏ ਦਾਨ ਭੇਟ ਕੀਤੇ ਗਏ ਅਤੇ ਪਰਿਵਾਰ ਵੱਲੋਂ ਐਲਾਨ ਕੀਤਾ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵਿਚ ਨਵੀਂ ਬਣਨ ਵਾਲੀ ਰਿਹਾਇਸ਼ੀ ਇਮਾਰਤ ਵਿਚ ਪਰਿਵਾਰ ਵੱਲੋਂ ਸਵ. ਸ੍ਰੀ ਸੇਵਾ ਸਿੰਘ ਜੀ ਦੇ ਨਾਮ ਤੇ ਇਕ ਕਮਰੇ ਦੀ ਉਸਾਰੀ ਕਰਵਾਈ ਜਾਵੇਗੀ। ਅਦਾਰਾ 'ਲੁਬਾਣਾ ਸੇਵਕ' ਇਸ ਮੌਕੇ ਵਿਛੜੀ ਆਤਮਾ ਨੂੰ ਸ਼ਰਧਾ ਦੇ ਫੁੱਲ ਅਤੇ ਪਰਿਵਾਰ ਨਾਲ ਇਸ ਘੜੀ ਦੁੱਖ ਸਾਂਝਾ ਕਰਦਾ ਹੈ।

**ਸੁਰਿੰਦਰ ਸਿੰਘ ਰੂਬੀ**
**ਸਹਿ ਸੰਪਾਦਕ**

**ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ। ਸਚੀ ਦਰਗਹ ਜਾਇ ਸਚਾ ਪਿੜ ਮਲਿਆ॥**

# ਸ਼ੋਕ ਸਮਾਚਾਰ



ਹਲਕਾ ਬੇਗੋਵਾਲ ਅਤੇ ਲੁਬਾਣਾ ਬਰਾਦਰੀ ਵਿਚ ਵਿਸ਼ੇਸ਼ ਸਤਿਕਾਰ ਰੱਖਣ ਵਾਲੇ ਡਾ. ਤਰਸੇਮ ਸਿੰਘ ਸੇਵਾਮੁਕਤ ਐਸ.ਐਮ.ਓ. ਅਤੇ ਡਾ. ਰਣਜੀਤ ਸਿੰਘ ਮੌਜੂਦਾ ਡਾਇਰੈਕਟਰ ਸਿਹਤ ਵਿਭਾਗ ਪੰਜਾਬ ਦੇ ਸਤਿਕਾਰਯੋਗ ਮਾਤਾ ਸ੍ਰੀਮਤੀ ਸ਼ੀਲ ਕੌਰ ਜੀ ਮਿਤੀ 12 ਨਵੰਬਰ 2022 ਨੂੰ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੀ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਿਤੀ 20 ਨਵੰਬਰ 2022 ਨੂੰ ਡੇਰਾ ਸੰਤ ਪ੍ਰੇਮ ਸਿੰਘ ਜੀ ਬੇਗੋਵਾਲ ਵਿਖੇ ਸੰਪੂਰਨ ਹੋਇਆ। ਮਾਤਾ ਜੀ ਦਾ ਜਨਮ ਮਾਤਾ ਕੇਸਰ ਕੌਰ ਅਤੇ ਪਿਤਾ ਖਜ਼ਾਨ ਸਿੰਘ ਦੇ ਘਰ ਪਿੰਡ ਡੀਂਗਾ, ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਵਿਚ ਹੋਇਆ। 1947 ਦੀ ਵੰਡ ਵੇਲੇ ਇਹ ਪਰਿਵਾਰ ਭੁਲੱਥ ਵਿਖੇ ਆ ਕੇ ਵੱਸ ਗਿਆ। ਆਪ ਜੀ ਦੀ ਸ਼ਾਦੀ ਪਿੰਡ ਤਲਵੰਡੀ ਡੱਡੀਆਂ ਦੇ ਸ. ਸੂਰਤ ਸਿੰਘ ਜੀ ਨਾਲ ਹੋਈ। ਪਰਿਵਾਰ ਵਿਚ ਦੋ ਪੁੱਤਰ ਅਤੇ ਤਿੰਨ ਧੀਆਂ ਨੇ ਜਨਮ ਲਿਆ। ਸ. ਸੂਰਤ ਸਿੰਘ ਇਕ ਸਾਧਾਰਨ ਛੋਟੇ ਕਿਸਾਨ ਸਨ। ਮਾਤਾ ਸ਼ੀਲ ਕੌਰ ਅਤੇ ਸ. ਸੂਰਤ ਸਿੰਘ ਜੀ ਨੇ ਕਰੜੀ ਮਿਹਨਤ ਕਰਕੇ ਆਪਣੇ ਦੋਨਾਂ ਬੇਟਿਆਂ ਨੂੰ ਡਾਕਟਰੀ ਦੀ ਪੜ੍ਹਾਈ ਪੂਰੀ ਕਰਵਾਈ। ਬੇਟਿਆਂ ਦਾ ਪੜ੍ਹਾਈ ਵਿਚ ਹੋਣਹਾਰ ਹੋਣ ਕਾਰਨ ਸਾਧਾਰਨ ਪਰਿਵਾਰ ਵਿਚੋਂ ਆਪਣੀ ਸਖ਼ਤ ਮਿਹਨਤ ਨਾਲ ਐਮ.ਬੀ.ਬੀ.ਐਸ. ਦੀ ਪੜ੍ਹਾਈ ਪੂਰੀ ਕਰਨਾ ਬਹੁਤ ਵੱਡੀ ਪ੍ਰਾਪਤੀ ਸੀ। ਸਰਕਾਰੀ ਨੌਕਰੀ ਕਰਦਿਆਂ ਦੋਨਾਂ ਡਾਕਟਰ ਬੇਟਿਆਂ ਨੇ ਵੱਡੀਆਂ ਪ੍ਰਾਪਤੀਆਂ ਕੀਤੀਆਂ। ਡਾਕਟਰ ਤਰਸੇਮ ਸਿੰਘ ਸੀਨੀਅਰ ਮੈਡੀਕਲ ਅਫ਼ਸਰ ਮੁਕੇਰੀਆਂ ਸੇਵਾਮੁਕਤ ਹੋਏ ਅਤੇ ਛੋਟਾ ਬੇਟਾ ਡਾਕਟਰ ਰਣਜੀਤ ਸਿੰਘ ਘੋਤੜਾ ਡਾਇਰੈਕਟਰ ਸਿਹਤ ਸੇਵਾਵਾਂ ਪੰਜਾਬ ਦੀਆਂ ਅੱਜਕਲ੍ਹ ਸੇਵਾਵਾਂ ਦੇ ਰਹੇ ਹਨ। ਬੇਟੀਆਂ ਵੀ ਆਪਣੇ ਪਰਿਵਾਰਾਂ ਵਿਚ ਸੁਖੀ-ਸਾਂਦੀ ਵਸ ਰਹੀਆਂ ਹਨ। ਡਾ. ਤਰਸੇਮ ਸਿੰਘ ਆਪਣੇ ਬੇਟੇ ਮਨਿੰਦਰਪਾਲ ਸਿੰਘ ਨਾਲ ਬੇਗੋਵਾਲ ਵਿਖੇ ਪਰਮਜੀਤ ਹਸਪਤਾਲ ਚਲਾ ਕੇ ਇਲਾਕੇ ਦੀ ਸੇਵਾ ਕਰ ਰਹੇ ਹਨ। ਸ਼ਰਧਾਂਜ਼ਲੀ ਸਮਾਗਮ ਵਿਚ ਸ. ਸੰਗਤ ਸਿੰਘ ਗਿਲਜੀਆਂ ਸਾਬਕਾ ਕੈਬਨਿਟ ਮੰਤਰੀ ਪੰਜਾਬ, ਇੰਜ. ਹਰਭਜਨ ਸਿੰਘ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ, ਡੀ.ਐਸ.ਪੀ. ਬਖ਼ਸ਼ੀਸ਼ ਸਿੰਘ, ਪ੍ਰੋ. ਜਸਵੰਤ ਸਿੰਘ ਮੁਰੱਬੀਆ ਨੇ ਮਾਤਾ ਸ਼ੀਲ ਕੌਰ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਹਾਜ਼ਰ ਸੱਜਣਾਂ ਵਿਚ ਬਲਵਿੰਦਰ ਸਿੰਘ ਮੁਲਤਾਨੀ ਸੇਵਾਮੁਕਤ ਆਈ.ਏ.ਐਸ., ਗੁਰਮੀਤ ਸਿੰਘ ਮੁਲਤਾਨੀ ਸੇਵਾਮੁਕਤ ਪੀ.ਸੀ.ਐਸ. ਏ.ਡੀ.ਸੀ., ਡਾ. ਸੁਰਜੀਤ ਸਿੰਘ ਰੋਪੜ ਸਾਬਕਾ ਸਿਵਲ ਸਰਜਨ, ਡਾ. ਗੁਰਬਚਨ ਸਿੰਘ, ਡਾ. ਅਨੁਪ੍ਰੀਤ ਕੌਰ, ਡਾ. ਵਿਸ਼ਾਲ, ਡਾ. ਸਾਂਚੀ ਘੋਤੜਾ, ਡਾ. ਅਮਰੀਕ ਸਿੰਘ ਬਸਰਾ, ਪ੍ਰੀਤ ਇੰਦਰ ਸਿੰਘ ਹੁਸ਼ਿਆਰਪੁਰ, ਡਾ. ਹਰਭਜਨ ਮਾਂਝੀ ਗੁਰਦਾਸਪੁਰ, ਡਾ. ਚਰਨਜੀਤ ਸਿੰਘ ਅੰਮ੍ਰਿਤਸਰ, ਡਾ. ਟੀ.ਪੀ. ਸਿੰਘ ਮੋਗਾ, ਡਾ. ਵਿਜੈ ਕੁਮਾਰ ਫਤਹਿਗੜ੍ਹ ਸਾਹਿਬ, ਡਾ. ਰਮਨ ਸ਼ਰਮਾ ਜਲੰਧਰ (ਸਾਰੇ ਸਿਵਲ ਸਰਜਨ), ਗੁਰਬਖ਼ਸ਼ੀਸ਼ ਸਿੰਘ, ਸੁਖਜਿੰਦਰ ਸਿੰਘ ਰੋਜ਼ਾਨਾ 'ਅਜੀਤ', ਮਲਕੀਤ ਸਿੰਘ ਲੁਬਾਣਾ ਤੋਂ ਇਲਾਵਾ ਪਰਿਵਾਰਕ ਮੈਂਬਰ ਅਤੇ ਇਲਾਕੇ ਦੇ ਮੋਹਤਬਰ ਸੱਜਣ ਵੀ ਹਾਜ਼ਰ ਸਨ। ਪਰਿਵਾਰ ਵੱਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਨੂੰ 5100 ਰੁਪਏ ਦਾਨ ਭੇਟਾ ਦਿੱਤੀ ਗਈ। ਅਦਾਰਾ 'ਲੁਬਾਣਾ ਸੇਵਕ' ਇਸ ਮੌਕੇ ਵਿਛੜੀ ਆਤਮਾ ਨੂੰ ਸ਼ਰਧਾ ਦੇ ਫੁੱਲ ਅਤੇ ਪਰਿਵਾਰ ਨਾਲ ਇਸ ਘੜੀ ਦੁੱਖ ਸਾਂਝਾ ਕਰਦਾ ਹੈ।

**ਸੁਰਿੰਦਰ ਸਿੰਘ ਰੂਬੀ**
**ਸਹਿ ਸੰਪਾਦਕ**

# ਚੰਗੀ ਸਿਹਤ ਲਈ ਗ੍ਰੀਨ ਟੀ ਪੀਓ



**ਗ੍ਰੀਨ ਟੀ 'ਤੇ ਹੋਈਆਂ ਵਿਗਿਆਨਕ ਖੋਜਾਂ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਸਿਰਦਰਦ, ਤਣਾਅ, ਅਲਜਾਈਮਰਸ ਅਤੇ ਐਸੀਡਿਟੀ ਲਈ ਇਕ ਸ਼ਾਨਦਾਰ ਔਸ਼ਧੀ ਦੇ ਤੌਰ 'ਤੇ ਕੰਮ ਕਰਦੀ ਹੈ। ਇਕ ਚੀਨੀ ਕਹਾਵਤ ਅਨੁਸਾਰ, ''ਚਾਹ ਤੋਂ ਬਿਨਾਂ ਇਕ ਦਿਨ ਰਹਿਣ ਨਾਲੋਂ ਚੰਗਾ ਹੈ ਕਿ ਤਿੰਨ ਦਿਨਾਂ ਤਕ ਭੋਜਨ ਦੇ ਬਗੈਰ ਰਿਹਾ ਜਾਏ।''**

**ਗ੍ਰੀਨ ਟੀ ਤਿਆਰ ਕਰਨ ਦਾ ਤਰੀਕਾ** - ਇਕ ਕੱਪ ਗ੍ਰੀਨ ਟੀ ਬਣਾਉਣ ਲਈ ਟੀ ਦੀ ਇਕ ਥੈਲੀ ਜਾਂ ਅੱਧਾ ਚੱਮਚ ਗ੍ਰੀਨ ਟੀ ਦੀ ਪੱਤੀ ਲਓ। ਕੇਤਲੀ 'ਚ ਪਾਣੀ ਉਬਾਲ ਲਓ। ਸਟੋਵ ਜਾਂ ਗੈਸੀ ਚੁੱਲ੍ਹੇ ਨੂੰ ਬੰਦ ਕਰੋ ਅਤੇ ਤਿੰਨ ਮਿੰਟ ਤਕ ਉਡੀਕ ਕਰੋ, ਫਿਰ ਇਸ ਉਬਲੇ ਪਾਣੀ ਨੂੰ ਟੀ ਬੈਗ ਜਾਂ ਗ੍ਰੀਨ ਟੀ ਦੀ ਪੱਤੀ 'ਤੇ ਪਾਓ। ਤਿੰਨ ਮਿੰਟ ਤਕ ਉਡੀਕ ਕਰੋ। ਹੁਣ ਟੀ ਬੈਗ ਹਟਾ ਲਓ। ਫਿਰ ਤਿੰਨ ਮਿੰਟ ਉਡੀਕ ਕਰੋ ਅਤੇ ਫਿਰ ਇਸ ਚਾਹ ਨੂੰ ਪੀ ਕੇ ਇਸ ਦਾ ਤਾਜ਼ਗੀ ਭਰਿਆ ਸਵਾਦ ਲਓ। ਗ੍ਰੀਨ ਟੀ ਨੂੰ ਬਣਾਉਣ ਦੀ ਇਹ ਤਕਨੀਕ ਇਸ ਨੂੰ ਵਧੇਰੇ ਪੱਕੇ ਸਵਾਦ ਵਾਲੀ ਬਣਨ ਤੋਂ ਰੋਕਣ 'ਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਪ੍ਰਣਾਲੀ ਨੂੰ ਚੰਗੀ ਤਰ੍ਹਾਂ ਅਪਨਾਉਣਾ ਚਾਹੀਦੈ, ਨਹੀਂ ਤਾਂ ਇਸ ਦੇ ਲਾਭਦਾਇਕ ਪੋਲੀਫਿਨੋਲਸ ਕੌੜੇ ਸਵਾਦ 'ਚ ਬਦਲ ਜਾਣਗੇ।

**ਗ੍ਰੀਨ ਟੀ ਦੇ ਲਾਭ - ਦੰਦਾਂ ਦੀ ਰੱਖਿਆ 'ਚ ਸਹਾਇਕ** : ਗ੍ਰੀਨ ਟੀ ਪਲਾਕ 'ਚ ਮੌਜੂਦ ਨੁਕਸਾਨਦਾਇਕ ਬੈਕਟੀਰੀਆ ਨੂੰ ਨਸ਼ਟ ਕਰਕੇ ਦੰਦਾਂ ਦੀ ਰੱਖਿਆ ਕਰਦੀ ਹੈ। ਗ੍ਰੀਨ ਟੀ 'ਚ ਮੌਜੂਦ ਫਲੋਰੀਨ ਦੰਦਾਂ 'ਚ ਖੋੜਾਂ (ਕੈਵੀਟੀਜ਼) ਦੇ ਬਣਨ ਨੂੰ ਰੋਕਦਾ ਹੈ।

**ਆਰਥਰਾਇਟਿਸ 'ਚ** : ਜੋ ਲੋਕ ਚਾਰ ਜਾਂ ਪੰਜ ਕੱਪ ਗ੍ਰੀਨ ਟੀ ਦਾ ਸੇਵਨ ਕਰਦੇ ਹਨ, ਉਹ ਰੂਮੇਟਾਈਡ ਆਰਥਰਾਇਟਿਸ 'ਤੇ ਕੰਟਰੋਲ ਕਰ ਸਕਦੇ ਹਨ।

**ਰੋਗ ਪ੍ਰਤੀਰੋਧਕ ਸਮਰੱਥਾ ਵਧਾਉਣ 'ਚ** : ਕੁਝ ਲੋਕਾਂ ਨੂੰ ਘੱਟ ਕੈਲੋਰੀ ਵਾਲੀ ਡਾਈਟ ਕਾਰਨ ਸਟੈਮਿਨਾ ਦੀ ਕਮੀ ਹੁੰਦੀ ਹੈ, ਗ੍ਰੀਨ ਟੀ 'ਚ ਮੌਜੂਦ ਗੁਰਾਨਾ ਉਨ੍ਹਾਂ ਦੀ ਰੋਗ ਪ੍ਰਤੀਰੋਧਕ ਸਮਰੱਥਾ ਵਧਾਉਣ 'ਚ ਸਹਾਇਕ ਹੁੰਦਾ ਹੈ।

**ਗੁਰਦੇ ਦੀਆਂ ਇਨਫੈਕਸ਼ਨਾਂ ਤੋਂ ਸੁਰੱਖਿਆ 'ਚ** : ਗ੍ਰੀਨ ਟੀ ਦੀ ਰੁਟੀਨ ਖਪਤ ਨਾਲ ਗੁਰਦਿਆਂ ਦੀ ਇਨਫੈਕਸ਼ਨ ਦੇ ਮੌਕੇ ਘਟਦੇ ਹਨ।

**ਦਿਮਾਗ ਦੀ ਪਰਫਾਰਮੈਂਸ 'ਚ ਸੁਧਾਰ ਲਈ** : ਗ੍ਰੀਨ ਟੀ 'ਚ ਵੱਖ-ਵੱਖ ਕਿਸਮ ਦੇ ਪੋਸ਼ਕ ਤੱਤ ਪਾਏ ਜਾਂਦੇ ਹਨ, ਜੋ ਮਲਟੀਪਲ ਸਕਲੀਰੋਸਿਸ ਵਰਗੀਆਂ ਦਿਮਾਗੀ ਬੀਮਾਰੀਆਂ ਨਾਲ ਲੜਨ 'ਚ ਸਹਾਇਕ ਹੁੰਦੇ ਹਨ। ਇਹ ਦਿਮਾਗ ਦੀ ਕਾਰਜ ਪ੍ਰਣਾਲੀ ਨੂੰ ਵੀ ਵਧਾਉਂਦੇ ਹਨ।

**ਪਾਚਨ ਅਤੇ ਭੁੱਖ 'ਚ** : ਗ੍ਰੀਨ ਟੀ ਪਾਚਨ ਕਿਰਿਆ 'ਚ ਸਹਾਇਕ ਹੁੰਦੀ ਹੈ ਅਤੇ ਭੁੱਖ ਨੂੰ ਵਧਾਉਂਦੀ ਹੈ।

**ਦਿਲ ਦੀ ਰੱਖਿਆ 'ਚ** : ਗ੍ਰੀਨ ਟੀ ਐੱਲ.ਡੀ.ਐੱਲ. ਕੋਲੈਸਟ੍ਰਾਲ ਦੇ ਆਕਸੀਡੇਸ਼ਨ ਨੂੰ ਰੋਕਦੀ ਹੈ। ਇਸ ਤਰ੍ਹਾਂ ਧਮਨੀਆਂ 'ਚ ਪਲਾਕ ਦੇ ਘੱਟ ਹੋਣ ਨਾਲ ਦਿਲ ਸੰਬੰਧੀ ਰੋਗਾਂ ਦਾ ਖਤਰਾ ਘੱਟ ਹੁੰਦਾ ਹੈ। ਇਹ ਸਭ ਐਪੀਗੈਲੋਕੈਟੇਚਿਨ ਗੈਲੇਟ ਕਾਰਨ ਹੁੰਦਾ ਹੈ। ਜਾਪਾਨੀ ਲੋਕ ਜਿੰਨੀ ਮਰਜ਼ੀ ਸਿਗਰਟਨੋਸ਼ੀ ਕਰ ਲੈਣ, ਉਨ੍ਹਾਂ ਨੂੰ ਦਿਲ ਸੰਬੰਧੀ ਰੋਗ ਨਹੀਂ ਹੁੰਦਾ ਕਿਉਂਕਿ ਉਹ ਗ੍ਰੀਨ ਟੀ ਦਾ ਲਗਾਤਾਰ ਸੇਵਨ ਕਰਦੇ ਹਨ।

**ਚਮੜੀ ਦੀ ਰੱਖਿਆ 'ਚ** : ਖੋਜਾਂ ਤੋਂ ਪਤਾ ਲੱਗੈ ਕਿ ਗਰਮ ਪਾਣੀ 'ਚ ਮਿਲਾਏ ਗਏ ਗ੍ਰੀਨ ਟੀ ਦੇ ਤੱਤ ਚਮੜੀ 'ਤੇ ਬਾਹਰੀ ਤੌਰ 'ਤੇ ਲਗਾਉਣ ਨਾਲ ਰੇਡੀਏਸ਼ਨ ਦੇ ਪ੍ਰਭਾਵ ਨੂੰ ਘੱਟ ਕਰਦੇ ਹਨ। ਰੇਡੀਏਸ਼ਨ ਤੋਂ ਅਸਰਦਾਰ ਰੱਖਿਆ ਲਈ ਉਸ ਨੂੰ ਰੋਜ਼ਾਨਾ ਤਿੰਨ ਵਾਰ ਲਗਾਉਣਾ ਚਾਹੀਦੈ।

**ਅਤੀਤ 'ਚ ਇਹ ਹਰਬਲ ਪਦਾਰਥ ਆਪਣੇ ਇਲਾਜ ਦੇ ਗੁਣਾਂ ਕਾਰਨ ਵਰਤਿਆ ਜਾਂਦਾ ਸੀ ਪਰ ਜਦੋਂ ਤੋਂ ਇਸ ਦੇ ਹੋਰ ਲਾਭ ਸਾਹਮਣੇ ਆਏ ਹਨ, ਇਹ ਇਕ ਆਲ ਰਾਊਂਡ ਔਸ਼ਧੀ ਬਣ ਚੁੱਕੀ ਹੈ। ਇਸ ਲਈ ਇਸ ਨੂੰ ਆਪਣੀ ਰੋਜ਼ਾਨਾ ਦੀ ਖੁਰਾਕ 'ਚ ਸ਼ਾਮਲ ਕਰਕੇ ਨਾ ਸਿਰਫ ਫੈਟ ਭਾਵ ਮੋਟਾਪਾ ਘੱਟ ਹੁੰਦਾ ਹੈ, ਸਗੋਂ ਨਾਲ ਹੀ ਇਹ ਤੁਹਾਡੇ ਸਰੀਰ ਨੂੰ ਸਾਫ ਕਰਕੇ ਵੱਖ-ਵੱਖ ਰੋਗਾਂ ਤੋਂ ਤੁਹਾਡੀ ਰੱਖਿਆ ਕਰਦੀ ਹੈ।**

# ਜੇਠੂ ਦਾ ਕੋਠਾ

**ਸਤਵਿੰਦਰ ਸਿੰਘ ਬੇਗੋਵਾਲੀਆ**

**ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।**

**ਸੁਰਿੰਦਰ ਸਿੰਘ ਰੂਬੀ 'ਸਹਿ ਸੰਪਾਦਕ'**



ਸਤਵਿੰਦਰ ਸਿੰਘ ਬੇਗੋਵਾਲੀਆ

**ਜੇਠੂ** : ਸਾਸਰੀ ਕਾਲ ਜੀ।

**ਸ਼ਰਮਾ** : ਹਾਂ ਜੀ ਬੋਲੋ.....

**ਜੇਠੂ** : ਕਲੋਨੀ ਦੀ ਜਿਹੜੀ ਅਨਾਊਂਸਮੈਂਟ ਹੁੰਦੀ ਪਈ ਸੀ, ਜ਼ਰਾ ਪਲਾਟਾਂ ਦੇ ਮੁੱਲ ਤਾਂ ਦੱਸਿਓ।

**ਸ਼ਰਮਾ** : ਤੁਸੀਂ ਪਲਾਟ ਪਸੰਦ ਕਰੋ, ਬਾਕੀ ਜਿਸ ਪਲਾਟ ਨੂੰ ਦੋ ਸੜਕਾਂ ਲੱਗਦੀਆਂ, ਉਹਨਾਂ ਦੀ ਕੀਮਤ ਆ ਸੱਠ ਹਜ਼ਾਰ ਰੁਪਏ ਮਰਲੇ ਦਾ, ਜਿਹਨੂੰ ਇੱਕ ਸੜਕ ਲੱਗਦੀ ਆ, ਉਹਦੀ ਕੀਮਤ ਆ ਪੰਜਤਾਲੀ ਹਜ਼ਾਰ।

**ਜੇਠੂ** : ਐਨੇ ਮਹਿੰਗੇ?

**ਸ਼ਰਮਾ** : ਲੱਭਣੇ ਨਹੀਂ ਆਹ ਪਲਾਟ, ਆਹ ਤਾਂ ਦੋ ਚਾਰ ਦਿਨ 'ਚ ਗਏ ਸਮਝੋ। ਪਰਸੋਂ ਇੱਕ ਪਲਾਟ ਵਿਕਦਾ ਪਿਆ ਸੀ ਪੰਜਾਹ ਹਜ਼ਾਰ ਦੇ ਹਿਸਾਬ ਨਲਾ, ਮੌਕੇ 'ਤੇ ਹੋਰ ਗਾਹਕ ਆ ਗਿਆ, ਕੰਪੀਟੀਸ਼ਨ ਹੋ ਗਿਆ, ਉਸੇ ਪਲਾਟ ਦੇ ਹੋ ਗਏ ਸੱਠ ਹਜ਼ਾਰ ਮਰਲੇ ਦੇ। ਤੁਸੀਂ ਕਲੋਨੀ ਵਾਲੀ ਥਾਂ ਪਹੁੰਚੋ, ਸਾਡਾ ਇੱਕ ਆਦਮੀ ਉਥੇ ਬੈਠੈ, ਸਭ ਕੁੱਝ ਸਮਝਾ ਦਊ। ਮੈਂ ਜ਼ਰਾ ਇੱਕ ਜ਼ਰੂਰ ਫੂਨ ਕਰ ਲਵਾਂ।
(ਫੂਨ ਕਰਦਾ ਹੈ, ਪੂਡਾ ਦੇ ਅਧਿਕਾਰੀ ਨਾਲ ਸਟੇਜ ਨੰ. 2 'ਤੇ ਗੱਲਬਾਤ ਹੁੰਦੀ ਹੈ)।

**ਅਧਿਕਾਰੀ** : ਅੱਛਾ ਸ਼ਰਮਾ ਜੀ, ਐਸ ਟਾਈਮ ਕਿੱਥੇ ਹੋ?

**ਸ਼ਰਮਾ** : ਸ਼ਮਸ਼ਾਨ ਘਾਟ ਦੇ ਕੋਲ ਹੀ।

**ਅਧਿਕਾਰੀ** : ਸ਼ਮਸ਼ਾਨ ਘਾਟ ਕੀ ਮੰਗਦੈ?

**ਸ਼ਰਮਾ** : ਜੀ ਹੈਪੀ ਪੇਪਰ ਸਰ। ਇਸ ਟਾਈਮ ਕਿਥੇ ਹੋ ਸਰ?

**ਅਧਿਕਾਰੀ** : ਤੁਹਾਡੇ ਸੀਵਰੇਜ 'ਤੇ ਹੀ ਬੈਠਾਂ।

**ਸ਼ਰਮਾ** : ਜੀ ਖੋਤਾ ਭੇਜ ਦੇਵਾਂ?

**ਅਧਿਕਾਰੀ** : ਸਾਈਜ਼ ਕੀ ਏ?

**ਸ਼ਰਮਾ** : ਵੱਡਾ ਕੰਨ।

**ਅਧਿਕਾਰੀ** : ਕੰਨ ਹੋਰ ਖਿੱਚੋ, ਵੰਗਾਰ ਪੈ ਗਈ।

**ਸ਼ਰਮਾ** : ਇੱਕ ਫੁੱਟ ਹੋਰ ਖਿਚਤਾ ਜੀ।

**ਅਧਿਕਾਰੀ** : ਅੱਧਾ ਫੁੱਟ ਹੋਰ ਕਰੋ ਲੰਮਾ..... ਸਾਰੇ ਪਾਸੇ ਵਾਧਾ ਈ ਵਾਧਾ ਹੋ ਰਿਹੈ।

**ਸ਼ਰਮਾ** : ਲਉ ਜੀ ਹੋ ਗਿਐ ਸਰ।

**ਅਧਿਕਾਰੀ** : ਤੁਹਾਡੇ ਦੁਸ਼ਮਣਾਂ ਦਾ ਖੋਤਾ ਵੀ ਚੱਲ ਪਿਐ, ਯਾਨੀ ਛਾਬੜੇ ਹੋਰੀਂ.....

**ਸ਼ਰਮਾ** : ਉਹਦੀ ਪੂਛ ਪਿਛਾਂਹ ਨੂੰ ਘੁੰਮਾ ਦਿਉ ਸਰ।

**ਅਧਿਕਾਰੀ** : ਡਾਂਸ ਸਿਖਣ ਲਾ ਦਈਏ ਇੱਕ ਵੀਕ ਲਈ, ਐਨੀ ਟਰੇਨਿੰਗ ਕਾਫੀ ਏ ਨਾ?

**ਸ਼ਰਮਾ** : (ਠਹਾਕੇ ਮਾਰ ਕੇ ਹੱਸਦਾ ਹੈ) ਜੀ ਜੀ ਸਰ, ਹਫ਼ਤੇ ਵਿੱਚ ਸਾਡਾ ਮੋਰਚਾ ਫਤਿਹ ਹੋ ਜੂ।

**ਜੇਠੂ** : (ਹੈਰਾਨੀ ਵਿੱਚ) ਖੋਤਾ? ਵੱਡੇ ਕੰਨ ਵਾਲਾ? ਡਾਂਸ?

**ਅਧਿਕਾਰੀ** : ਵੱਡੇ ਨੇਤਾ ਦੀ ਗੱਡੀ ਦੀ ਲਾਈਟ ਡਿਮ ਹੋ ਗਈ ਆ, ਹਾਰਨ ਵੀ ਘੱਟ ਈ ਬੋਲਦੈ, ਖ਼ਿਆਲ ਕਰਿਓ।

**ਸ਼ਰਮਾ** : ਦੋ ਘੋੜੀਆਂ ਭੇਜ ਦੇਈਏ? ਬੱਤੀ ਜਗਜੂ?

**ਅਧਿਕਾਰੀ** : (ਹੱਸਦਾ ਹੋਇਆ) ਗਰੰਟੀ ਨਾਲ।
(ਸ਼ਰਮਾ ਅਤੇ ਅਧਿਕਾਰੀ ਦੀ ਗੱਲਬਾਤ ਖ਼ਤਮ ਹੁੰਦੀ ਹੈ, ਕਿਰਪਾ ਆਉਂਦਾ ਹੈ)

ਕਿਰਪਾ : (ਸ਼ਰਮਾ ਨੂੰ) ਬਊ ਜੀ, ਸਾਸਰੀ ਕਾਲ। ਪੈਲੀ ਤਾਂ ਮੈਂ ਤੁਹਾਨੂੰ ਵੇਚ ਈ ਦਿੱਤੀ ਏ, ਤੁਹਾਡੀ ਹੋ ਗਈ। ਜਿਹੜਾ ਵਾਇਦਾ ਕੀਤੈ ਉਹ ਯਾਦ ਰੱਖਣਾ।

ਸ਼ਰਮਾ : ਨਹੀਂ ਵੱਢਦੇ ਟਾਹਲੀ, ਟੌਂਟ ਵਰੀ.....

ਕਿਰਪਾ : ਮੇਰੇ ਬਾਪੂ ਦੇ ਹੱਥ ਦੀ ਲੱਗੀ ਏ, ਉਹਦੀ ਯਾਦ ਏ ਬਊ ਜੀ। ਤੁਸੀਂ ਟਾਹਲੀ ਦੇ ਨਾਲ ਹੀ ਦਫ਼ਤਰ ਬਣਾ ਲਓ, ਠੰਡੀ-ਠੰਡੀ ਛਾਂ 'ਚ ਕੂਲਰ ਦੀ ਹਵਾ ਭੁੱਲ ਜਾਉਗੇ।

ਸ਼ਰਮਾ : ਓ.ਕੇ., ਸਤਿ ਸ੍ਰੀ ਅਕਾਲ।

(ਸ਼ਰਮਾ ਚਲਾ ਜਾਂਦਾ ਹੈ)

ਕਿਰਪਾ : (ਜੇਠੂ ਨੂੰ) ਯਾਰ, ਮੂੰਹ ਬੜਾ ਭੈੜਾ ਜਿਹਾ ਕੀਤੈ, ਖੁਸ਼ ਰਿਹਾ ਕਰ।

ਜੇਠੂ : ਕੀ ਖੁਸ਼ ਹੋਈਏ? ਸਭ ਕੁੱਝ ਕੁਦਰਤ ਦੇ ਉਲਟ ਹੋ ਰਿਹੈ। ਬੰਦਾ, ਬੰਦਾ ਨਹੀਂ ਰਿਹਾ। ਤੂੰ ਮੈਨੂੰ ਆਹ ਦੱਸ ਜਿੰਨੀਆਂ ਕਲੋਨੀਆਂ ਪੈ ਰਹੀਆਂ ਨੇ, ਧੜਾ ਧੜ ਪਲਾਟ ਕੱਟੇ ਜਾਂਦੇ ਪਏ ਨੇ, ਕੌਣ ਰਹੇਗਾ ਇਥੇ?

ਕਿਰਪਾ : ਲੋਕ ਪਲਾਟ ਮੁੱਲ ਲੈਂਦੇ ਨੇ ਵੇਚਣ ਵਾਸਤੇ, ਮੋਟੀ ਰਕਮ ਬਚ ਜਾਂਦੀ ਏ। ਕੋਈ ਬੈਂਕ ਇੰਨਾ ਵਿਆਜ਼ ਨਹੀਂ ਦੇ ਸਕਦਾ, ਜਿੰਨਾ ਪਲਾਟਾਂ ਤੋਂ ਬੰਦਾ ਕਮਾ ਜਾਂਦੈ, ਇਹਨੂੰ ਕਹਿੰਦੇ ਨੇ ਬਿਜਨਸ।

ਜੇਠੂ : ਬਿਜਨਸ ਤਾਂ ਚੱਲ ਗਿਐ, ਕਈਆਂ ਦੀ ਚਾਂਦੀ ਵੀ ਬਣ ਗਈ ਏ। ਪਰ..... ਗੱਲ ਸਾਰੀ ਕੁਦਰਤ ਦੇ ਉਲਟ ਚਲਦੀ ਪਈ ਏ।

ਕਿਰਪਾ : ਜਿਥੇ ਮਾਇਆ ਹੋਵੇ, ਕੁਦਰਤ ਵੀ ਉੱਥੇ ਈ ਵੱਸਦੀ ਏ। ਆਹ ਸਾਹਮਣੇ ਵਾਲੀ ਕਲੋਨੀ ਦੇ ਸਾਰੇ ਪਲਾਟ ਵਿਕ ਗਏ ਨੇ।

ਜੇਠੂ : ਫਿਰ ਲੋਕ ਇਥੇ ਆ ਕੇ ਰਿਹਾਸ਼ਿ ਕਿਉਂ ਨਹੀਂ ਕਰਦੇ? ਰਾਤ ਨੂੰ ਤਾਂ ਇਥੇ ਭੂਤ ਖੇਡਦੇ ਨੇ।

ਕਿਰਪਾ : ਲੋਕ ਰਿਹਾਇਸ਼ ਕਰਨਗੇ ਹੀ, ਇਹ ਧਰਤੀ ਸੋਨਾ ਪੈਦਾ ਕਰਦੀ ਏ।

ਜੇਠੂ : (ਨਾਂਹ ਵਿੱਚ ਸਿਰ ਹਿਲਾਉਂਦਾ ਹੋਇਆ) ਧਰਤੀ ਤਾਂ ਉਦੋਂ ਸੋਨਾ ਉਗਲਦੀ ਸੀ ਜਦ ਅਨਾਜ ਦੀਆਂ ਟਰਾਲੀਆਂ ਭਰ-ਭਰ ਜਾਂਦੀਆਂ ਸੀ ਮੰਡੀ ਵਿੱਚ। ਹੁਣ ਕੀ ਏ ਗਾਜਰ ਬੂਟੀ, ਭੰਗ ਨਿਰੀ ਜਾਨ ਦਾ ਖੋਹ।

ਕਿਰਪਾ : (ਕੁੱਝ ਯਾਦ ਕਰਦਾ ਹੋਇਆ) ਮੈਂ ਤਾਂ ਤੇਰੇ ਨਾਲ ਗੱਲ ਕਰਨੀ ਸੀ..... ਤੂੰ ਸਾਡੀ ਨਹਿਰ ਵਾਲੀ ਪੈਲੀ ਵਿਚੋਂ ਦੋ-ਚਾਰ ਮਰਲੇ ਲੈ ਕੇ ਕੋਠਾ ਪਾ ਲੈ, ਕੰਮ ਵੀ ਸਸਤਾ, ਪੈਸੇ ਭਾਵੇਂ ਸਾਲ ਠਹਿਰ ਕੇ ਦੇ ਦੇਵੀਂ। ਨਾਲੇ ਕੋਈ ਪਤਾ ਨਹੀਂ ਕੱਲ੍ਹ ਨੂੰ ਭਾਵੇਂ ਨਹਿਰ ਕੰਢੇ ਵੀ ਕੋਈ ਕਲੋਨੀ ਪੈ ਜਾਏ।

ਜੇਠੂ : ਜੇ ਇਹਨਾਂ ਦਾ ਵੱਸ ਚਲਿਆ ਤਾਂ ਇਹ ਨਹਿਰ ਵਿਚ ਵੀ ਕਲੋਨੀ ਪਾ ਦੇਣਗੇ। (ਘੋਰ ਉਦਾਸੀ ਵਿਚ) ਆਪਣਾ ਮਾੜਾ ਮੋਟਾ ਕੋਠਾ ਤਾਂ ਹੋਣਾ ਈ ਚਾਹੀਦੈ ਭਾਵੇਂ ਨਹਿਰ ਦੇ ਕੰਢੇ 'ਤੇ ਹੀ ਹੋਵੇ। ਮੈਂ ਪੈਸੇ ਲਾਹ ਦਿਆਂਗਾ। (ਸੁਪਨਮਈ ਹਾਲਤ ਵਿੱਚ) ਮੈਂ ਤੇ ਤਾਰੋ ਨਹਿਰ ਕੰਢੇ ਸੈਰ ਕਰਿਆ ਕਰਾਂਗੇ, ਰਾਤ ਨੂੰ ਸਾਡੇ ਸਿਰ 'ਤੇ ਜਗਦੇ ਬੁਝਦੇ ਤਾਰੇ ਸਾਨੂੰ ਵੇਖ-ਵੇਖ ਖੁਸ਼ ਹੋਣਗੇ। ਚੰਨ ਮਾਮਾ ਮੇਰੇ ਵੱਲ ਵੇਖੇਗਾ ਤੇ ਮੈਂ ਗਾਵਾਂਗਾ : ਚੰਨ ਮਾਮਾ ਆ ਜਾ, ਮੇਰੀ ਰੋਟੀ ਖਾ ਜਾ।

(ਕਿਰਪੇ ਦਾ ਮੁੰਡਾ ਜਗੀਰ ਬੜੀ ਤੇਜ਼-ਤੇਜ਼ ਆਉਂਦਾ ਹੈ, ਉਸ ਦੇ ਚਿਹਰੇ 'ਤੇ ਘਬਰਾਹਟ ਦੇ ਚਿੰਨ੍ਹ ਹਨ)

ਕੁੜਿੱਕੀ : ਬਾਪੂ, ਸ਼ਰਮੇ ਹੋਰਾਂ ਨੇ ਟਾਹਲੀ ਵੱਢ ਦਿੱਤੀ ਏ.....

ਕਿਰਪਾ : (ਗੁੱਸੇ ਵਿਚ ਭੜਕਦਾ ਹੋਇਆ) ਸ਼ਰਮਿਆ, ਮੈਂ ਤੇਰੀ ਦੁਨੀਆਂ ਨੂੰ ਅੱਗ ਲਾ ਦਿਆਂਗਾ, ਤੂੰ ਟਾਹਲੀ ਨਹੀਂ ਵਿਛਾਈ ਧਰਤੀ ਤੇ, ਮੇਰੇ ਬਾਪੂ ਦੀ ਲਾਸ਼ ਵਿਛਾ ਤੀ। ਮੇਰਾ ਬਾਪੂ ਟਾਹਲੀ ਦੀ ਹਰ ਟਾਹਣੀ ਵਿਚ ਜੀਂਦਾ ਸੀ, ਹਰ ਪੱਤੇ 'ਚ ਸਾਹ ਲੈਂਦਾ ਸੀ ਪਰ ਤੂੰ ਬਾਪੂ ਨੂੰ ਕਤਲ ਕਰ ਦਿੱਤੈ.....

(ਕਿਰਪਾ ਬੇਬਸੀ ਵਿਚ ਰੋ ਪੈਂਦਾ ਹੈ)

ਜਗੀਰ : ਬਾਪੂ, ਅਖ਼ਬਾਰ ਵਿਚ ਆਇਐ, ਸਰਕਾਰ ਨੇ ਸੌ ਕਿਲਾ ਜ਼ਮੀਨ ਕਿਸੇ ਕੰਪਨੀ ਨੂੰ ਦੇ ਦਿੱਤੇ ਤੇ ਸਾਡੀ ਨਹਿਰ ਵਾਲੀ ਜ਼ਮੀਨ ਵੀ.....

ਕਿਰਪਾ : ਮੈਂ ਕੀ ਸੁਣ ਰਿਹਾ? ਮੇਰੀਆਂ ਅੱਖਾਂ ਅੱਗੇ ਹਨ੍ਹੇਰਾ.....

(ਨਾਅਰਿਆਂ ਦੀ ਆਵਾਜ਼ ਆਉਂਦੀ ਹੈ।

ਨਾਅਰੇ : ਸਾਡੀਆਂ ਜ਼ਮੀਨਾਂ ਵਾਪਸ ਕਰੋ-ਵਾਪਸ ਕਰੋ, ਵਾਪਸ ਕਰੋ ਜ਼ਮੀਨ ਸਾਡੀ ਮਾਂ ਹੈ, ਮਾਂ ਹੈ ਠੰਡੀ ਛਾਂ ਹੈ।

ਕਿਰਪਾ : ਮੈਂ ਵੀ ਆ ਰਿਹਾਂ ਨਾਅਰੇ ਲਾਉਣ। ਓ ਧਾੜਵੀਓ, ਜਾਂ ਤੁਸੀਂ ਨਹੀਂ ਜਾਂ ਫੇਰ ਮੈਂ ਨਹੀਂ।

(ਤੇਜ਼ ਤੇਜ਼ ਕਦਮੀਂ ਕਿਰਪਾ ਤੇ ਜਗੀਰ ਚਲੇ ਜਾਂਦੇ ਹਨ)

ਜੇਠੂ : (ਹਾਰੇ ਹੋਏ ਵਿਅਕਤੀ ਵਾਂਗ) ਹੁਣ ਕੀ ਬਚਿਐ.....ਜੇਠੂ ਦਾ ਕੋਠਾ ਹੁਣ ਹਵਾ ਵਿਚ ਹੀ ਬਣੇਗਾ, ਜੇਠੂ ਦਾ ਕੋਠਾ ਇਕ ਸੁਫ਼ਨਾ ਸੀ, ਸੁਫ਼ਨਾ ਈ ਰਹੇਗਾ।

(ਫੁੱਟ ਫੁੱਟ ਕੇ ਰੋ ਪੈਂਦਾ ਹੈ, ਦੂਰੋਂ ਗੀਤ ਦੇ ਬੋਲ ਸੁਣਾਈ ਦਿੰਦੇ ਹਨ)

ਸੁਫ਼ਨਾ ਸੀ ਜੇਠੂ ਦਾ ਕੋਠਾ, ਸੁਫ਼ਨਾ ਬਣ ਕੇ ਰਹਿ ਗਿਆ। ਕਿੰਜ ਉਸਰੇ ਜੇਠੂ ਦਾ ਕੋਠਾ, ਬਣਨ ਤੋਂ ਪਹਿਲਾਂ ਢਹਿ ਗਿਆ। ਸੁਫ਼ਨਾ ਸੀ ਜੇਠੂ ਦਾ ਕੋਠਾ.....

**ਸਮਾਪਤ**



# ਕਾਵਿ-ਕਿਆਰੀ



(ਲ਼ਫਜ਼ਾਂ ਦੀ ਲੋਏ ਲੋਏ)

## ਇਸ਼ਕ/ਹਰਬਖ਼ਸ਼ ਸਿੰਘ ਟਾਹਲੀ



ਹੁਸਨ ਅੱਖਾਂ 'ਤੇ ਅਸਰ ਕਰਦਾ ਹੈ
ਤੇ ਦੇਖਣ ਵਾਲੇ ਦਾ ਜੀਵਨ ਬਦਲਦਾ ਹੈ
ਹੁਸਨ ਦੀ ਉਡੀਕ ਲਗਦੀ ਹੈ
ਤਾਂ ਇਸ਼ਕ ਦਾ ਜਨਮ ਹੁੰਦਾ ਹੈ
ਇਸ਼ਕ, ਹੁਸਨ ਦੇ ਮੱਥੇ ਉੱਤੇ
ਟਿਕ ਟਿਕੀ ਲੱਗਣ ਦਾ ਹੀ ਤੇ ਨਾਮ ਹੈ
ਇਸ਼ਕ ਦੀ ਸਭ ਤੋਂ ਵੱਡੀ ਪਹੁੰਚ
ਹੁਸਨ ਦੇ ਜਲਵੇ ਨੂੰ ਫੜਨਾ ਹੁੰਦਾ ਹੈ।
ਜਦੋਂ ਹੁਸਨ ਸੱਜਣ ਦਾ ਚੋਲਾ ਪਾਉਂਦਾ ਹੈ
ਤਾਂ ਇਸ਼ਕ ਖੁਦਾ ਬਣ ਜਾਂਦਾ ਹੈ।
ਵਸਲ ਦੇ ਪਲੰਘ ਵਿਛਦੇ ਹਨ
ਤਾਂ ਇਕਮਿਕਤਾ ਦ ਲਹਿਰ ਖਿਲਰ ਜਾਂਦੀ ਹੈ
ਅਤੇ ਸਾਗਰ ਦਾ ਤਲ ਢੱਕ ਲੈਂਦੀ ਹੈ
ਤੇ ਜੇ ਕਿਤੇ ਹੁਸਨ ਛੱਡ ਜਾਵੇ ਇਸ਼ਕ ਨੂੰ
ਇਕੱਲਾ ਸੁੱਤਿਆਂ, ਵਸਲ ਦੇ ਪਲੰਘ 'ਤੇ
ਸ਼ਾਂਤ ਸਾਗਰ, ਲਹਿਰਾਂ ਦੇ ਥੱਲਿਓਂ ਦਹਿਲ ਜਾਂਦਾ ਹੈ
ਤੇ ਅੱਥਰੂ ਬਣ ਅੱਖੀਆਂ 'ਚੋਂ ਵਰਸਦਾ ਹੈ।
ਸਾਗਰ ਨੂੰ ਲਹਿਰਾਂ ਤੇ ਗਿਲਾ ਨਹੀਂ ਹੁੰਦਾ
ਸਾਗਰ ਨੂੰ ਲਹਿਰਾਂ ਦੇ ਗਵਾਚਣ ਦਾ ਗਿਲਾ
ਹਮੇਸ਼ਾ ਖਟਕਦਾ ਰਹਿੰਦਾ ਹੈ.....।

*****

## ਕਵਿਤਾ/ ਕਦੋਂ ਤੱਕ

**ਸੁਰਿੰਦਰ ਮਕਸੂਦਪੁਰੀ**



ਕੁਝ ਅਖੌਤੀ ਗਾਇਕਾਂ ਦੇ ਓੜੇ
ਮੁਖੌਟਿਆਂ ਦੇ ਮੂੰਹੋਂ ਉਚਰੇ ਵਿਸ਼ੇਸ਼ਣ-
"ਸਾਹਾਂ ਤੋਂ ਪਿਆਰੇ
ਪਾਰਖੂ, ਸਿਆਣੇ ਸਤਿਕਾਰੇ
ਰੱਬ ਵਰਗੇ ਅਖੌਤੀ ਸਰੋਤੇ"
ਆਖ਼ਰ ਕਦੋਂ ਤੱਕ ਭਰਨਗੇ
ਬੇਸੁਰੀ/ਅਸ਼ਲੀਲ ਗਾਇਕੀ ਦਾ ਹੁੰਗਾਰਾ
ਸੰਗੀਤਕ ਹਸਪਤਾਲ ਦੇ
ਆਈ.ਸੀ.ਯੂ. ਵਿਚ
ਵੈਂਟੀਲੇਟਰ 'ਤੇ ਪਈ
ਜ਼ਿੰਦਗੀ ਤੇ ਮੌਤ ਸੰਗ ਜੂਝਦੀ
ਥੋੜ੍ਹਚਿਰੀ ਸਿਸਕਦੀ/ਸਹਿਕਦੀ
ਲੱਚਰ ਗਾਇਕੀ ਨੂੰ
ਕਦੋਂ ਤੱਕ ਦੇਣਗੇ ਇਹ ਸਰੋਤੇ
ਬਨਾਉਟੀ ਆਕਸੀਜਨ ਦਾ ਸਹਾਰਾ

ਪ੍ਰਦੂਸ਼ਿਤ ਗਾਇਕੀ ਦੇ ਅੰਬਰਾਂ 'ਚ
ਸੁੱਚੇ ਸ਼ਬਦਾਂ ਦੇ ਹਾਰ ਤੋਂ ਸੱਖਣਾ
ਰਸ-ਭਿੰਨੇ ਸੁਹਜ-ਸ਼ਿੰਗਾਰ ਤੋਂ ਸੱਖਣਾ
ਕਦੋਂ ਤੱਕ ਚਮਕਦਾ-ਦਮਕਦਾ ਰਹੇਗਾ
ਕੂੜ-ਕੁਹਜ ਗਰੱਸੀ
ਕਾਵਾਂ-ਰੌਲੀ ਦਾ ਸਿਤਾਰਾ

ਐ ਕਲਮਕਾਰੋ/ਕਲਾਕਾਰੋ/ਸਾਹਿਤ ਸੰਗੀਤ ਪ੍ਰੇਮੀਓਂ
ਫ਼ਰੀਦ, ਦਮੋਦਰ, ਬਾਬਾ ਨਾਨਕ, ਬੁੱਲ੍ਹਾ
ਹਾਸ਼ਮ, ਕਾਦਰ, ਵਾਰਿਸ ਸ਼ਾਹ ਦੇ ਵਾਰਸੋ
ਕਦੋਂ ਤੱਕ ਜਾਰੀ ਰੱਖੂ ਜੰਗ
ਮਾਂ-ਬੋਲੀ/ਗੁਰਮੁਖੀ ਦਾ ਇਹ ਘਾਣ
ਮਿੱਟੀ ਵਿਚ ਰੁਲਣਾ ਨਸੀਬ ਹੋਊ 'ਮਕਸੂਦਪੁਰੀ'
ਭੁੱਲ ਗਏ ਜੋ ਪੰਜਾਬੀ ਮਾਂ ਦਾ ਸਨਮਾਨ।

-234, ਸੁਦਰਸ਼ਨ ਪਾਰਕ,
ਮਕਸੂਦਾਂ, ਜਲੰਧਰ-144021, ਮੋ. 99887-10234

*****

## ਕਵਿਤਾ/ ਨੇਤਾ ਜੀ ਕਹਿੰਦੇ ਹਨ

**ਰਤਨ ਟਾਹਲਵੀ**



ਇਥੇ ਮੇਰੀ ਚੱਲਣੀ ਏ ਮਨਮਰਜ਼ੀ
ਇਥੇ ਮੇਰਾ ਚੱਲਣਾ ਏ 'ਰਾਮ ਰਾਜ'
ਜੋ ਕੋਈ ਚੱਲੇਗਾ 'ਰਾਮ ਰਾਜ' ਅੰਦਰ
ਮੇਰੀ ਚੱਲ ਰਹੀ ਮਰਜ਼ੀ ਬਗ਼ੈਰ
ਸਮਝੋ ਉਹਦੀ ਫਿਰ ਨਹੀਉਂ ਖੈਰ।

ਜਿਹੜੇ ਸਾਡੇ ਹੁਕਮਾਂ ਦੇ ਮੰਨੇਗਾ ਨਾ ਬੋਲ
ਬਿਸਤਰਾ ਗੋਲ, ਬਿਸਤਰਾ ਗੋਲ।

ਜਿੱਥੇ ਮੈਂ ਚਾਹਾਂਗਾ
ਉੱਥੇ ਹੀ ਬਿਠਾਵਾਂਗਾ
ਆਪਣੀ ਹੀ ਮਰਜ਼ੀ 'ਤੇ
ਉਥੋਂ ਮੈਂ ਉਠਾਵਾਂਗਾ
ਜੇ ਕੋਈ ਮੇਰੇ ਬਾਰੇ ਰਿਹਾ ਅਨਭੋਲ।
ਬਿਸਤਰਾ ਗੋਲ, ਬਿਸਤਰਾ ਗੋਲ।

ਕਾਨੂੰਨ ਦਾ ਰਾਜ
ਮੇਰੇ ਬੋਲ ਹੁਣ ਹੋਣਗੇ
ਲੋਕਾਂ ਦੇ ਤੰਤਰ ਉੱਤੇ
ਮੈਲ ਚੜ੍ਹੀ ਹੋਈ ਨੂੰ
ਕੋਈ ਨਹੀਂ, ਬਸ ਬੋਲ ਮੇਰੇ ਧੋਣਗੇ।
ਜਿਹੜਾ ਮੇਰੇ ਬੋਲ ਅੱਗੇ ਬੋਲਿਆ ਕਬੋਲ।
ਬਿਸਤਰਾ ਗੋਲ, ਬਿਸਤਰਾ ਗੋਲ।

ਭਾਵੇਂ ਤੈਨੂੰ ਪਤਾ ਏ
ਮੇਰੇ ਘਰ ਜੋ ਵੀ ਲੁਕੀ ਏ
ਕਿਹੜੇ ਖੂੰਜੇ ਫ਼ੀਮ ਤੇ ਕਿਹੜੇ ਖੂੰਜੇ ਭੁੱਕੀ ਏ।
ਜੇ ਤੂੰ ਮੇਰੇ ਬਾਰੇ ਕਿਤੇ ਪਿੱਟ ਦਿੱਤਾ ਢੋਲ।
ਬਿਸਤਰਾ ਗੋਲ, ਬਿਸਤਰਾ ਗੋਲ।

*****

## ਸ਼ਬਦਾਂ ਦੇ ਸੰਜੋਗ

### ਸਮਾਂ

ਸਮੇਂ ਦੀ ਉਡੀਕ ਨਾ ਕਰੋ
ਕਿਉਂਕਿ ਸਮਾਂ ਕਿਸੇ ਦੀ ਉਡੀਕ ਨਹੀਂ ਕਰਦਾ
ਜਿਹੜੇ ਹੁੰਧਿਆਂ ਉੱਤੇ ਬੈਠੇ ਰਹਿੰਦੇ ਹਨ
ਜ਼ਿੰਦਗੀ ਦੀ ਬਾਜ਼ੀ ਹਾਰ ਜਾਂਦੇ ਹਨ।
ਜ਼ਿੰਦਗੀ ਦੀ ਬਾਜ਼ੀ ਜਿੱਤਣ ਲਈ ਦੰਮ ਪਾਉਣਾ ਪੈਂਦਾ ਹੈ
ਸਮੇਂ ਦੀ ਚਾਲ ਨਾਲ ਚਲਦੇ ਚਲੋ
ਰਾਹ ਸੁਖਾਵੇਂ ਹੋ ਜਾਣਗੇ ਅਤੇ ਮੰਜ਼ਿਲ ਦਿੱਸ ਪਵੇਗੀ।
ਕਿਨਾਰੇ ਉੱਤੇ ਬੈਠ ਕੇ ਵਗਦੇ ਦਰਿਆ ਵਲ ਦੇਖੋ
ਅਸੀਂ ਦੇਖੀ ਜਾਵਾਂਗੇ ਤੇ ਉਹ ਚਲਦਾ ਜਾਵੇਗਾ।
ਰਵਾਨਗੀ ਵਿਚ ਚਲਦਾ ਪਾਣੀ ਸਾਗਰ ਵਿਚ ਮਿਲੇਗਾ
ਖੜੋਤਾ ਪਾਣੀ ਛੱਪੜ ਬਣ ਜਾਵੇਗਾ ਅਤੇ ਜ਼ਿੰਦਗੀ
ਨਾਲੋਂ ਟੁੱਟ ਜਾਵੇਗਾ–ਸਾਗਰਾਂ ਤੋਂ ਕੋਹਾਂ ਦੂਰ
ਪਾਣੀ ਦਾ ਲਕਸ਼ ਸਾਗਰ 'ਚ ਮਿਲਣਾ ਹੈ।
ਉੱਡਦੀਆਂ ਕੂੰਜਾਂ ਮੌਸਮ ਦੀ ਮਾਰ ਵਿਚ ਨਹੀਂ ਔਂਦੀਆਂ
ਅੱਖਾਂ ਬੰਦ ਕਰਕੇ ਕੋਈ ਕਬੂਤਰ ਬਿੱਲੀ ਦੇ
ਪੰਜਿਆਂ ਤੋਂ ਬਚ ਨਹੀਂ ਪਾਏਗਾ–ਉਸ ਨੂੰ ਉਡਣਾ ਪਵੇਗਾ
ਉਡਣਾ ਜ਼ਿੰਦਗੀ ਦਾ ਉਦੇਸ਼ ਹੈ।
ਜਿਊਂਦੀ ਜ਼ਿੰਦਗੀ ਸਮੇਂ ਦੇ ਹਾਣ ਵਿਚ ਜਿਊਂਦਾ ਹੈ
ਮਰੀ ਹੋਈ ਜ਼ਿੰਦਗੀ ਸਮੇਂ ਦੀ ਬੁੱਕਲ ਵਿਚੋਂ ਡਿਗ ਜਾਂਦੀ।

---

(ਸਫ਼ਾ 21 ਦੀ ਬਾਕੀ)

**ਉੱਤਰ - (1) D (2) c (3) d (4) c (5) a (6) c (7) V (8) a (9) c (10) d (11) c (12) a (13) c**

---

# छोटे साहिबजादे : जिन्हें मुगलों ने दीवार में जिंदा चुनवा दिया!

**इंजी. परमिंदरजीत सिंह**

धर्म की खातिर खुशी-खुशी शहादत और जंग में दुश्मनों को धूल चटाने वाले गुरु गोबिंद सिंह जी के चार साहिबजादों के बारे में शायद ही कोई ऐसा होगा जो नहीं जानता होगा। जहां गुरु जी के दो बड़े साहिबजादे जंग में लड़ते हुए शहीद हो गए, वहीं दो छोटे साहिबजादों को जिंदा दीवार में चिनवा दिया गया। भले ही आज किताबों में इनके बारे में ज्यादा ज़िक्र न हो लेकिन यह नन्हीं जानें अपने पीछे आज एक मिसाल कायम करने वाले पदचिह्न छोड़ गए हैं। छोटे साहिबजादे अपने इरादों पर अटल रहे और मुगलों के सामने न झुकते हुए मौत को गले लगाना बेहतर समझा।

**आनंदपुर साहिब किले की वो भीषण लड़ाई** - शुरुआत हुई आनंदपुर साहिब के किले से, जहां गुरु गोबिंद सिंह जी के शूरवीर सिंह और मुगल सेना के बीच कई माह से घमासान युद्ध जारी था।

गुरु गोबिंद सिंह और उनके सिंह हार मानने को तैयार नहीं हैं, नन्हीं जानें, ये देख कर औरंगजेब हतप्रभ रह गया।

ऐसे में उसने गुरु जी को एक खत लिखा कि मैं कुरान की कसम खाता हूं, यदि आप आनंदपुर का किला खाली कर दें तो आपको बिना किसी रोक-टोक के यहां से जाने दिया जाएगा। हालांकि गुरु जी को औरंगजेब पर विश्वास नहीं था लेकिन उन्होंने उसे आजमाने के लिए किला छोड़ देना स्वीकार कर लिया।

**बिछड़ गया गुरु जी का परिवार** - किले से निकलने की देर ही थी कि मुगल सेना गुरु जी और उनके बहादुर सिंहों पर टूट पड़ी। सरसा नदी के किनारे एक बार फिर घमासान युद्ध हुआ और इस युद्ध में एक नुकसान यह हुआ कि गुरु जी का पूरा परिवार अलग-थलग हो गया।

गुरु जी के छोटे सुपुत्र साहिबजादा जोरावर सिंह और साहिबजादा फतेह सिंह अपनी दादी माता गुजरी जी के साथ चले गए। बड़े साहिबजादे युद्ध लड़ते-लड़ते गुरु जी के साथ सरसा नदी पार करके रात को रोपड़ नगरी में रहे और तड़के चमकौर साहिब की गढ़ी जा पहुंचे।

छोटे साहिबजादे जब जंगल पार कर रहे थे तो शेर, सांप और कई अन्य जानवर उनके सामने आए लेकिन वह माता गुजरी जी के साथ बाणी का पाठ करते हुए आगे बढ़ते रहे।

**गंगू ने किया विश्वासघात** - जंगल पार करते हुए रात हो चुकी थी और माता गुजरी और छोटे साहिबजादे एक झोपड़ी में ही रात बिताने लगे। इस घटना की खबर सुनकर अगले दिन सुबह गुरु जी के लंगर का सेवक गंगू नाम का ब्राह्मण माता जी के पास जा पहुंचा। वह अपने घर माता जी और छोटे साहिबजादों को ले गया, लेकिन उसने माता जी के साथ विश्वासघात कर दिया। जब रात को माता जी और साहिबजादे सो रहे थे तो उसने दबे पांव आकर माता जी की अशर्फियों की पोटली चुरा ली। हालांकि माता जी ने उसे यह करते हुए देख लिया था लेकिन उन्होंने गंगू को कुछ नहीं कहा। इतना ही नहीं गंगू ने माता जी के साथ एक ओर विश्वासघात करते हुए मुरिण्डे के कोतवाल को यह जानकारी दे दी कि माता जी और छोटे साहिबजादे उसके घर में छिपे हुए हैं। इस पर कोतवाल ने तुरंत अपने सिपाहियों को भेजते हुए माता जी और साहिबजादों को बंदी बनाकर लाने का आदेश दे दिया। इस आदेश के बाद माता जी और साहिबजादों को रात में मुरिण्डे की हवालात में कैद कर दिया गया।

माता जी ने साहिबजादों को गुरु नानक देव और गुरु तेग बहादुर जी की बहादुरी के बारे में बताया और रहिरास का पाठ करके वह सो गए। अगली सुबह उन्हें बैलगाड़ी में बैठाकर सरहंद के बसी थाने लिजाया गया।

लोगों की भीड़ भी साथ चल रही थी। माता जी और छोटे साहिबजादों को निडर देख लोग कह रहे थे ये वीर पिता के वीर सपूत हैं।

सरहंद पहुंचकर रात को माता जी और दोनों साहिबजादों को ठंडे बुर्ज में रखा गया जहां चल रही हांड़ कंपा देने वाली ठंडी हवाएं किसी भी व्यक्ति को कमज़ोर बना सकती थीं लेकिन वह अपने इरादों पर अडिग थे।

**वाहेगुरु के जयकारे से गूंज उठी मुगल कचहरी** - अगले दिन सुबह नवाब वजीर खान के सिपाही आए और साहिबजादों को नवाब की कचहरी में ले गए। उन्होंने अंदर पहुंचते ही गर्ज कर फतेह बुलाई **वाहेगुरु जी का खालसा। वाहेगुरु जी की फतेह।।** उनके ऊंचे जयकारे की आवाज़ से पूरी कचहरी गूंज उठी और सभी की नज़रें साहिबजादों पर थी।

वज़ीर खान उन्हें बच्चा समझते हुए पुचकार कर बोला बच्चों तुम बहुत भले लगते हो मुसलमान कौम को तुम पर बहुत गर्व होगा यदि तुम कलमा पढ़कर मोमिन बन जाओ, तुम्हें मुंह मांगी मुराद

मिलेगी। इस पर दोनों साहिबजादे गर्ज कर बोले हमें अपना धर्म प्रिय है। यह सुनकर नवाब को गुस्सा आया और काजी से बोला सुन लिया इन बागियों का गुस्ताखी भरा जवाब इन्हें सज़ा देनी ही पड़ेगी ये बागी की संतान हैं।

ये सब सुनकर भी जब साहिबजादे डरे नहीं तो वहां बैठा दीवान सुच्चानंद उठकर आया और बोला कि यदि तुम्हें छोड़ दिया जाए तो तुम कहां जाओगे। इस पर साहिबजादों ने कहा कि वह जंगल में जाएंगे, सिखों और घोड़ों को इकट्ठा करेंगे, फिर तुमसे लड़ेंगे।

इस पर दीवान ने गुस्से में आते हुए नवाब से कहा कि इन बच्चों को सज़ा तो देनी ही पड़ेगी अन्यथा आगे चलकर यह भी हमारे साथ बगावत ही करेंगे।

**काजी का फतवाए् जिंदा नींव में चिनवा दो** – दरबार में मौजूद काजी ने साहिबजादों का सुच्चानंद के साथ हुआ वार्तालाप सुना और कुछ देर सोचने के बाद फतवा जारी कर दिया। इसमें लिखा था कि कि ये बच्चे बगावत पर तुले हैं इन्हें जिंदा ही नींव में चिनवा दिया जाए। फतवा सुनाकर साहिबजादों को वापस ठंडा बुर्ज भेज दिया गया जहां उन्होंने दादी माता गुजरी को कचहरी में हुई सारी बात सुनाई।

वहीं नवाब ने काजी को हुक्म दिया कि बच्चों को दीवार में चिनवाने के लिए जल्लाद का इंतजाम किया जाए। अगले दिन साहिबजादों को दोबारा कचहरी लाया गया और फिर उनके विचार पूछे गए लेकिन वह अपने इरादों पर अटल रहे। दोनों ने एक बार फिर कहा कि हम अपना धर्म नहीं बदलेंगे यह सुनकर एक कर्मचारी आगे आया और बोला हुजूर दिल्ली के शाही जल्लाद मिसाल बेग और विसाल बेग कचहरी में उपस्थित हैं। आज इनकी पेशी है अगर आप इन्हें माफ कर दें तो यह बच्चों को नींव में चिनने के लिए राजी हैं। नवाब ने तुरंत हुक्म दिया कि इन जल्लादों का मुकद्दमा बर्खास्त किया जाता है और इन बच्चों को जल्लादों के हवाले कर दिया जाए। आदेश की तामील की गई और बच्चों को उस जगह ले जाया गया जहां दीवार बनाई जा रही थी। साहिबजादों को उस दीवार के बीच खड़ा कर दिया गया। अब काजी ने एक बार फिर कहा कि दीन कबूल लो क्यों अपनी नन्हीं जानें अकारण खो रहे हो।

जल्लादों ने भी उन्हें फुसलाने की कोशिश की लेकिन साहिबजादों ने जल्लादों से कहा कि जल्दी से जल्दी मुगल राज्य का अंत करो, पापों की दीवार और ऊंची करो देर क्यों कर रहे हो। इतना कह कर दोनों साहिबजादे जपुजी साहिब का पाठ करने लगे और उधर जल्लादों ने दीवार खड़ी करनी शुरू कर दी।

**शहीद हो गए साहिबजादे** – जब दीवार बच्चों के सीने तक आ गई तो एक बार फिर काजी और नवाब ने उनसे धर्म कबूल करने को कहा लेकिन उन्होंने इंकार कर दिया।

छोटे साहिबजादे फतेह सिंह ने कहा कि हमारे दादा जी गुरु तेग बहादुर साहिब ने शीश दिया पर धर्म नहीं छोड़ा हम जल्दी ही उनके पास पहुंच जाएंगे वह हमारे रक्षक हैं।

थोड़ी देर बाद ही दोनों साहिबजादे बेहोश हो गए यह देखकर जल्लाद घबरा गए। जल्लाद आपस में कहने लगे कि ये अपनी अंतिम सांसें ले रहे हैं दीवार और ऊंची करने की आवश्यकता नहीं है रात उतर रही है इनका गला काटकर जल्दी काम खत्म किया जाए। इतना कहना भर था कि दोनों बेहोश हो चुके साहिबजादों को बाहर निकाला गया और उन्हें शहीद कर दिया गया।

यह देख आसपास खड़े लोगों की आंखों से आंसुओं की धार फूट पड़ी और वह आह भरकर नवाब और काजी को कोसने लगे।

इधर छोटे साहिबजादे शहीद हुए और उधर ठंडे बुर्ज में माता गुजरी जी ने अपने प्राण त्याग दिए।

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਇੰਜ: ਭਗਵਾਨ ਸਿੰਘ ਲੁਬਾਣਾ**
**E-mail:bslubana187@gmail.com**
**M.: 98155-40240**

# कुछ अच्छी बातें

1. नीयत कितनी भी अच्छी हो दुनिया आपको आपके दिखावे से जानती हैं, दिखावा कितना भी अच्छा हो खुदा आपको अपकी नीयत से जानता है।
2. तेरे गिरने में, तेरी हार नहीं, तूं इंसान है, अवतार नहीं...गिरे उठ, चल, दौड़, फिर भाग क्योंकि जीवन संक्षिप्त हैं, इसका कोई सार नहीं।
3. अगर आप किसी को रोटी खिलाते है, तो उसका पेट एक दिन के लिए भरेगा। लेकिन अगर आप किसी को रोटी कमाने का तरीका सिखा देते हैं। तो वो जीवन भर अपना पेट भर सकता है।
4. अगर किसी को कुछ देना है, तो उसे अच्छा वक्त दो क्योंकि आप हर चीज़ वापिस ले सकते हो, मगर किसी को दिया हुआ अच्छा वक्त वापिस नहीं ले सकते।
5. घमण्ड के अंदर सबसे बुरी बात यह होती है कि वो आपको कभी महसूस होने नहीं देगा कि आप गलत हो।
6. अच्छा और बुरा वक्त दोनो याद रखने चाहिए बुरे वक्त में अच्छे समय की यादे सुकून देती है और बुरे समय की यादे आपको चौकन्ना रखती है।
7. किसी की मज़बूरियों पर मत हँसिए कोई मज़बूरियाँ खरीद कर नहीं लाता। डरिए वक्त की मार से क्योंकि बुरा वक्त किसी को बताकर नहीं आता।
8. हमें किसी भी खास समय के लिए इंतजार नहीं करना चाहिए। बल्कि अपने हर समय को खास बनाने की पूरी कोशिश करनी चाहिए।
9. अगर आप सही हो, तो कुछ भी साबित करने की कोशिश मत करो, बस सही बने रहो, गवाही वक्त खुद दे देगा।
10. अच्छे और सच्चे रिश्ते ना तो खरीदे जा सकते हैं, न उधार लिए जाते हैं....इसलिए उन लोगों को जरूर महत्त्व देते है।


## पिता

मेरा साहस मेरी इज्जत मेरा सम्मान है पिता।
मेरी ताकत मेरी पूँजी मेरी पहचान है, पिता।
घर की इक-इक ईट में शामिल उनका खून-पसीना सारे घर की रौनक उनसे सारे घर की बात, शान पिता।
मेरी इज्जत मेरी शोहरत मेरा रूतबा मेरा मान है पिता।
मुझको हिम्मत देने वाले मेरा अभिमान है, पिता।
सारे रिश्ते उनके दम से सारे नाते उनसे है। सारे घर के दिल की धड़कन सारे घर की जान पिता।
शायद रब ने देकर भेजा फल ये अच्छे कर्मो का उनकी रहमत उसकी नियमित उसका है, वरदान पिता।

**बेहतर होगा कि आप कोशिश करें।**
**शायद हम से आप कामयाब हो जाएं।**
**और उसे कुछ सीखे**
**बजाए इसके की आप कुछ करे ही नहीं।**



# MATRIMONIAL



SUITABLE MATCH WANTED FOR LOBANA GURSIKH SOFTWARE ENGINEER BOY, HT 6' BORN IN 1994. PARMANENT CITIZEN OF SPAIN, WHOLE FAMILY SETTELED IN SPAIN. ANNESTORAL PROPERTY IN VILLAGE ON MIANI, DASUYA ROAD. AMRITDHARI PARENTS. ONE SISTER MARRIED ALSO SETTELED IN SPAIN. CONTACT : 95015-28997, 98141-28181, WHATSAPP NO. 0034662233238

* * * * *

GAURAV PAL SINGH D.O.B- 26 NOVEMBER 1993, AGE- 28 YEARS, HEIGHT- 6FT, COMPLEXTION- FAIR STATUS- PERMANENT RESIDENT OF CANADA EDUCATION- M-TECH IN CIVIL ENGEERING FROM PTU HOMETOWN- MOHALI, PUNJAB CONTACT NO- 7889282296.

* * * * *

WANTED BEAUTIFUL SLIM SOBER AND WELL-EDUCATED BRIDE FOR LUBANA (SIKH) TURBANED BOY DATE OF BIRTH 26 DECEMBER 1992, HEIGHT 5-7" INCH B.COM (ACCOUNTANCY) IN INDIA AND RETAIL MANAGEMENT AND BUSINESS IN NEWZEALAND WORKING AS DRIVER IN REPUTED FIRM AT QUEENS TOWN NEW ZEALAND-9 FATHER RETIRED AS SUBEDAR MOTHER HOUSEMAKER AND YOUNGER BROTHER IN CANADA PRESENTLY ON WORK PERMIT FAMILY HAS OWN HOUSE AND PROPERTY CONTACT- 7015122115, 9050403538.

* * * * *

LOOKING FOR SUITABLE MATCH FOR LUBANA HINDU GIRL AGE-29, HEIGHT- 5'1" EDUCATION MSC (MATHS), PGDM FROM TORONTO, WORKING PROFESSIONAL STATUS PERMANENT RESIDENT IN CANADA HOMETOWN CHANDIGARH CONTACT NO. -9465226605, 9417037440.

* * * * *

WANTED BEAUTIFUL SLIM SOBER AND WELL EDUCATED BRIDEPREFERABLY DOING JOB FOR LUBANA (SIKH ) AMRITDHARI TURBANED BOY DATE OF BIRTH 05.04.1993 HEIGHT -5'6" B.TECH WORKING AS IT PROFESSIONAL AT GURUGRAM FATHER RETIRED CLERK FROM PUNJAB ELECTRICITY BOARD AND MOTHER HOUSEWIFE OWN PROPERTY AT VILLAGE –GHOT POKHAR, DISTT – GURDASPUR CONTACT NUMBER- 7837669800 , 9872448819

* * * * *

LOOKING FOR SUITABLE MATCH FOR LUBANA GIRL NAME RAMANDEEP KAUR MULTANI DATE OF BIRTH 05.10.1995 QUALIFICATION- MTECH (CSE) FROM CHANDIGARH GROUP OF COLLEGES CURRENTLY WORKING AS ASSISTANT PROFESSOR IN CHANDIGARH UNIVERSITY HEIGHT 5'5" COMPLEXTION- FAIR FATHER WORKING AS COUNTRY HEAD IN UNO MINDA PVT LTD, DELHI MOTHER-HOUSEWIFE AND ONE BROTHER LIVING IN MOHALI NRI PLEASE EXCUSE. Contact-

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਨਵੰਬਰ ਮਹੀਨੇ ਦੀ ਸੰਗਰਾਂਦ ਅਤੇ ਹੋਰ ਕਾਰਜਾਂ ਲਈ ਦਾਨੀ ਸੱਜਨਾਂ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ: | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਕਰਨਲ ਟੀ.ਬੀ.ਐਸ. ਬੇਦੀ<br>ਮਕਾਨ ਨੰ: 1630, ਫੇਜ਼-9, ਮੋਹਾਲੀ | 323 | 5,100 | 16.11.2022 |
| 2. | ਸ: ਹਰਦੇਵ ਸਿੰਘ, ਸੀਨੀਅਰ ਮੈਂਟੀਨੈਂਸ ਇੰਜ:<br>ਮਕਾਨ ਨੰ: 1747, ਫੇਜ਼-7, ਮੋਹਾਲੀ | 324 | 200 | 16.11.2022 |
| 3. | ਸ: ਮਨਜੀਤ ਸਿੰਘ ਲੁਬਾਣਾ, ਗੁਰੂ ਘਰ ਇੰਚਾਰਜ<br>ਮਕਾਨ ਨੰ: 873, ਸੈਕਟਰ - 64, ਮੋਹਾਲੀ | 325 | 500 | 16.11.2022 |
| 4. | ਸ: ਐਨ.ਪੀ. ਸਿੰਘ,<br>ਮਕਾਨ ਨੰ: 2249, ਸਟਾਰ ਐਨਕਲੇਵ, ਸੈਕਟਰ -48 ਸੀ, ਚੰਡੀਗੜ੍ਹ | 326 | 200 | 16.11.2022 |
| 5. | ਲੈਕਚਰਾਰ ਸ: ਗੁਲਸ਼ਨ ਕੁਮਾਰ ਸਿੰਘ, ਵਿੱਤ ਸਕੱਤਰ,<br>ਮਕਾਨ ਨੰ: 3405, ਸੈਕਟਰ - 40, ਚੰਡੀਗੜ੍ਹ | 327 | 200 | 16.11.2022 |
| 6. | ਸੂਬੇਦਾਰ ਮੇਜਰ ਜਸਪਾਲ ਸਿੰਘ<br>ਮਕਾਨ ਨੰ:18, ਏ.ਕੇ.ਐਸ ਕਲੋਨੀ, ਜ਼ੀਰਕਪੁਰ, ਮੋਹਾਲੀ | 328 | 200 | 16.11.2022 |
| 7. | ਕਰਨਲ ਸ: ਜਗਤਾਰ ਸਿੰਘ ਮੁਲਤਾਨੀ<br>ਮਕਾਨ ਨੰ: 114, ਸੈਕਟਰ-33, ਚੰਡੀਗੜ੍ਹ | 329 | 500 | 16.11.2022 |
| 8. | ਸ: ਸੁਰਿੰਦਰ ਸਿੰਘ, ਮਕਾਨ ਨੰ: 527, ਫੇਜ਼-10, ਮੋਹਾਲੀ | 330 | 500 | 16.11.2022 |
| 9. | ਸ: ਸੁਰਿੰਦਰ ਸਿੰਘ, ਮਕਾਨ ਨੰ: 3040, ਸੈਕਟਰ-47 ਡੀ, ਚੰਡੀਗੜ੍ਹ | 331 | 200 | 16.11.2022 |
| 10. | ਸ: ਹਰਦਿਆਲ ਸਿੰਘ ਘੋਤਰਾ, ਮਕਾਨ ਨੰ: 10, ਸੈਕਟਰ-48, ਚੰਡੀਗੜ੍ਹ | 332 | 200 | 16.11.2022 |
| 11. | ਸ: ਰਜਿੰਦਰਪਾਲ ਸਿੰਘ, ਮਕਾਨ ਨੰ: 2020, ਸੈਕਟਰ-37, ਚੰਡੀਗੜ੍ਹ | 333 | 200 | 16.11.2022 |
| 12. | ਸ: ਬਲਵਿੰਦਰ ਸਿੰਘ ਮੁਲਤਾਨੀ<br>ਮਕਾਨ ਨੰ: 541, ਫੇਜ਼- 3-ਬੀ-2, ਮੋਹਾਲੀ | 334 | 200 | 16.11.2022 |
| 13. | ਬੀਬੀ ਹਰਪ੍ਰੀਤ ਕੌਰ ਪੇਲੀਆ, ਸੈਕਟਰੀ<br>ਮਕਾਨ ਨੰ: 2218, ਸੈਕਟਰ-38, ਚੰਡੀਗੜ੍ਹ | 335 | 1100 | 16.11.2022 |
| 14. | ਬੀਬੀ ਰਜਿੰਦਰ ਕੌਰ, ਮਕਾਨ ਨੰ: 10, ਸੈਕਟਰ-48, ਚੰਡੀਗੜ੍ਹ | 336 | 200 | 16.11.2022 |
| 15. | ਡਾ: ਤਰਸੇਮ ਸਿੰਘ<br>ਅਤੇ ਡਾ: ਰਨਜੀਤ ਸਿੰਘ, ਡਾਇਰੈਕਟਰ ਹੈਲਥ ਪੰਜਾਬ<br>ਪਰਮਜੀਤ ਹਾਸਪਿਟਲ, ਬੇਗੋਵਾਲ, ਜ਼ਿਲ੍ਹਾ- ਕਪੂਰਥਲਾ। | 1785 | 5100 | 24.11.2022 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੇ ਸੰਬੰਧ ਵਿਚ ਮਿਤੀ 5-11-2022 ਨੂੰ ਨਗਰ ਕੀਰਤਨ ਦਾ ਸਵਾਗਤ ਕਰਦੇ ਹੋਏ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡਸ਼ਨ (ਰਜਿ.) ਚੰਡੀਗੜ੍ਹ ਦੇ ਮੈਂਬਰ







Regd No. 32212/78 Postal No.-- G/CHD/0111/2018-2020

# ਮਿਤੀ 16-11-2022 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵਿਖੇ ਸੰਗਰਾਂਦ ਦਾ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ





# ਮੈਂਬਰ ਸਾਹਿਬਾਨ ਵਰਕਿੰਗ ਕਮੇਟੀ ਦੀ ਮੀਟਿੰਗ ਮਿਤੀ 18-11-2022 ਨੂੰ ਕਾਨਫਰੰਸ ਹਾਲ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਚੰਡੀਗੜ੍ਹ ਵਿਖੇ ਕਰਦੇ ਹੋਏ

